

ਇਕਵਿੰਦਰ ਸਿੰਘ

ਇਕਵਿੰਦਰ ਸਿੰਘ ਦੀ ਅਦਬੀ ਫ਼ਿਕਰ ਸੰਸਾਰ ਭਰ ਵਿਚ ਹੋਣ ਵਾਲੇ ਤਮਾਮ ਨਸ਼ੇਬ-ਓ-ਫ਼ਰਾਜ਼ (ਉੱਚਾ-ਨੀਵਾਂ) ਉੱਤੇ ਨਜ਼ਰ ਰੱਖਦੀ ਹੈ। ਇਨ੍ਹਾਂ ਦੇ ਬਹੁਤੇ ਸ਼ਿਅਰ ਜ਼ਮੀਰ ਨੂੰ ਝੰਜੋੜਦੇ ਹਨ। ਇਹ ਸਮਾਜ ਵਿਚ ਹੋਣ ਵਾਲੀ ਹਰ ਗਤੀਵਿਧੀ 'ਤੇ ਪੈਨੀ ਨਜ਼ਰ ਰੱਖਦੇ ਹਨ। ਚੰਗੀ ਸ਼ਾਇਰੀ ਲੰਮੀ ਚੌੜੀ ਭੂਮਿਕਾ ਦੀ ਮੁਹਤਾਜ ਨਹੀਂ ਹੁੰਦੀ ਬਲਕਿ ਉਸਦੇ ਅਰਥ ਸਿੱਧੇ ਦਿਲ 'ਤੇ ਅਸਰ ਕਰਦੇ ਹਨ। ਗ਼ਜ਼ਲ ਕਹਿਣਾ ਆਮ ਕਲਾਵਾਂ ਨਾਲੋਂ ਬਹੁਤ ਮੁਸ਼ਕਿਲ ਫ਼ਨ ਹੈ। ਇਹ ਵਿਧਾ ਬਹੁਤ ਹੀ ਤਪੱਸਿਆ, ਧੀਰਜ, ਸੰਜਮ ਅਤੇ ਵਕਤ ਮੰਗਦੀ ਹੈ। ਗ਼ਜ਼ਲ ਦਾ ਫ਼ਨ ਜਲਦਬਾਜ਼ੀ ਦਾ ਫ਼ਨ ਨਹੀਂ ਹੈ। ਇਹ ਬਹੁਤ ਹੀ ਸੰਜੀਦਗੀ ਅਤੇ ਮੁਸਤਕਿਲ ਮਿਜ਼ਾਜੀ ਦਾ ਫ਼ਨ ਹੈ। ਗ਼ਜ਼ਲ ਬਹੁਤ ਹੀ ਨਾਜ਼ੁਕ ਸ਼ੀਸ਼ਾ ਹੈ। ਇਹ ਮੁਹੱਬਤ ਦੇ ਇਲਾਵਾ ਕੋਈ ਭਾਰ ਨਹੀਂ ਸਹਾਰ ਸਕਦਾ।

ਇਕਵਿੰਦਰ ਸਿੰਘ ਨੇ ਇਸ ਫ਼ਨ ਨੂੰ ਇਬਾਦਤ ਦੀ ਤਰ੍ਹਾਂ ਸੰਜੀਦਗੀ ਨਾਲ ਅਪਣਾਇਆ ਅਤੇ ਪੰਜਾਬੀ ਗ਼ਜ਼ਲ ਦੀ ਫਿਜ਼ਾ ਨੂੰ ਖ਼ੁਸ਼ਗਵਾਰ ਬਣਾਉਣ ਲਈ ਆਪਣੇ ਆਪ ਨੂੰ ਖ਼ਰਚ ਕੀਤਾ ਹੈ। ਆਮ ਆਲੋਚਕ ਪੰਜਾਬੀ ਗ਼ਜ਼ਲ 'ਤੇ ਇਹ ਇਲਜ਼ਾਮ ਲਗਾਉਂਦੇ ਹਨ ਕਿ ਇਹ ਉਰਦੂ ਗ਼ਜ਼ਲ ਦੇ ਮੁਕਾਬਲੇ ਬਹੁਤ ਹਲਕੀ ਅਤੇ ਆਮ ਤੌਰ 'ਤੇ ਬਹਿਰ ਤੋਂ ਖਾਰਜ ਹੁੰਦੀ ਹੈ ਪਰ ਇਕਵਿੰਦਰ ਸਿੰਘ ਦੀਆਂ ਗ਼ਜ਼ਲਾਂ ਪੜ੍ਹਕੇ ਤਸਕੀਨ ਹੁੰਦੀ ਹੈ ਕਿ ਇਨ੍ਹਾਂ ਦੀਆਂ ਗ਼ਜ਼ਲਾਂ ਅਰੂਜ਼ ਦੀਆਂ ਕਦਰਾਂ-ਕੀਮਤਾਂ 'ਤੇ ਖ਼ਰੀਆਂ ਉੱਤਰਦੀਆਂ ਹਨ।

'ਕਸ਼ਿਸ਼' ਹੁਸ਼ਿਆਰਪੁਰੀ

5 ਆਬ Parkashan, Jalandhar

*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

ISBN : 978-93-88817-16-5

₹ 100

ਜ਼ੁਬਾਨ ਫੁੱਲਾਂ ਦੀ (ਗ਼ਜ਼ਲ ਸੰਗ੍ਰਹਿ) ਇਕਵਿੰਦਰ ਸਿੰਘ

5 ਆਬ Parkashan, Jalandhar

# ਜ਼ੁਬਾਨ ਫੁੱਲਾਂ ਦੀ

(ਗ਼ਜ਼ਲ ਸੰਗ੍ਰਹਿ)

ਇਕਵਿੰਦਰ ਸਿੰਘ

*ਇਸੇ ਕਲਮ ਤੋਂ :–*

- ਪਾਣੀ ਮੈਲ਼ਾ ਮਿੱਟੀ ਗੋਰੀ (ਗ਼ਜ਼ਲ ਸੰਗ੍ਰਹਿ)
- ਅੰਬ ਦੁਸਹਿਰੀ ਚੂਪਣ ਆਇਓ (ਸੰਪਾਦਤ ਗ਼ਜ਼ਲ ਸੰਗ੍ਰਹਿ)
- ਜ਼ਿੰਦਗੀ ਨੇ ਪੈਲ ਪਾਈ (ਗ਼ਜ਼ਲ ਸੰਗ੍ਰਹਿ)

# ਜ਼ੁਬਾਨ ਫੁੱਲਾਂ ਦੀ

(ਗ਼ਜ਼ਲ ਸੰਗ੍ਰਹਿ)

ਇਕਵਿੰਦਰ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

# ZUBAAN FULLAAN DI

(Punjabi Ghazals)

*by*

**IKWINDER SINGH**
YUBA CITY
CALIFORNIA-USA
E-mail: ikwindersingh@yahoo.co.in
+1 530 315 9207

**Pur Hiran**
**Hoshiarpur City**
**India**

© ਲੇਖਕ

*ISBN : 978-93-88817-16-5*

ਪਹਿਲੀ ਵਾਰ: 2019

ਕੀਮਤ : 100/-

**ਪ੍ਰਕਾਸ਼ਕ: 5 ਆਬ ਪ੍ਰਕਾਸ਼ਨ**
1-2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

ਮੈਂ ਸਮਝਦਾਂ ਜ਼ੁਬਾਨ ਫੁੱਲਾਂ ਦੀ।
ਜਾਨ ਮੇਰੀ 'ਚ ਜਾਨ ਫੁੱਲਾਂ ਦੀ।
-ਇਕਵਿੰਦਰ ਸਿੰਘ

# ਤਰਤੀਬ


- ਫੁੱਲਾਂ ਦੀ ਜ਼ੁਬਾਨ ਸਮਝਣ ਵਾਲਾ ਜ਼ਹੀਨ ਅਤੇ ਹੱਸਾਸ ਗ਼ਜ਼ਲਗੋਅ ਇਕਵਿੰਦਰ ਸਿੰਘ/ *'ਕਸ਼ਿਸ਼' ਹੁਸ਼ਿਆਰਪੁਰੀ* 08
- ਮੈਂ ਸਮਝਦਾਂ ਜ਼ੁਬਾਨ 11
- ਹਾਏ-ਹਾਏ ਤੇਰੀਆਂ 15
- ਤੈਨੂੰ ਅੰਦਾਜ਼ਾ ਨਹੀਂ 16
- ਰਾਤ ਸੁੱਤੀ 18
- ਰਾਗ ਪਰੀਆਂ ਨੇ 20
- ਗ਼ਮ ਹੁੰਦੇ 23
- ਮੁਸਕਰਾਉਂਦੇ ਰਿਹਾ ਕਰੋ 24
- ਲੋਕੀਂ ਮੈਨੂੰ ਘੂਰਨ ਬਾਬਾ 25
- ਅੱਜ ਸਜਣਾ ਹੈ 26
- ਚਮਨ ਦੀ ਉਦਾਸੀ 28
- ਝੂਠੀਆਂ ਕਲਮਾਂ 30
- ਯਾਦ ਉਸਦੀ ਨੂੰ 32
- ਮੁਹੱਬਤ ਬਿਨਾਂ ਜ਼ਿੰਦਗੀ 34
- ਗੁਲਾਬੀ ਹਵਾ ਹੈ 36
- ਘੋਰ ਉਦਾਸੀ 37
- ਪਿਆਰ ਜਿਸ ਦੇ ਕਰੀਬ 38
- ਠੰਡਾ ਸਾਗਰ 40
- ਮੇਰੇ ਦਿਲ ਵਿਚ 42
- ਤੂੰ ਮੇਰਾ ਸਿਰਨਾਵਾਂ 43
- ਇਹ ਉਲਫ਼ਤ ਦੀ ਗਲੀ 44
- ਜੀਵਨ ਦਾ ਸਮਤੋਲ 46
- ਉਹ ਗੁਲਸ਼ਨ 'ਚ ਆਏ 47
- ਅੱਜ ਅਪਣੇ ਜ਼ਿਹਨ ਦੀ 48
- ਹਰ ਕੋਈ ਜਿਸ ਤੋਂ ਚਿਹਰਾ 49
- ਗੂੜ੍ਹੀ-ਗੂੜ੍ਹੀ ਹੋਈ ਜਾਂਦੀ 50
- ਕਰ ਹੀ ਦਿਉ ਖਾਂ 52
- ਲੱਭਦੇ ਫਿਰਨ ਨਜ਼ਾਰੇ 53
- ਇਨਸਾਫ਼ ਮੰਗਦਾਂ ਤਾਂ 54
- ਤਰਕ-ਸੰਗਤ 55
- ਬੇ-ਵਜ੍ਹਾ ਦੇ ਨਾ 56
- ਦਿਲ ਮੇਰਾ ਮੈਥੋਂ 58
- ਤਾਣਾ-ਬਾਣਾ 59
- ਦੋ ਘੜੀ ਥਲ 'ਤੇ 60
- ਤੈਨੂੰ ਪਸੰਦ ਸੂਰਜ 61
- ਫੁੱਲਾਂ ਨੂੰ ਹੱਥ ਨਿਕਲੇ 62
- ਬਿਨ ਸੋਚੇ ਦਿਲ 63
- ਇਹ ਚਮਨ 64
- ਸਜਦਾ ਏ ਰੋਜ਼ 65
- ਭੇਜੀ ਹੈ ਮੈਂ 66
- ਦੇਖ ਕੇ ਜ਼ੁਲਫ਼ਾਂ 68
- ਹਰ ਇਕ ਮੌਸਮ ਬਦਲਦਾ ਹੈ 69
- ਜ਼ਿੰਦਗੀ ਵਿਚ ਧੁੱਪ 70
- ਲਬਾਂ 'ਤੇ ਮੁਸਕਰਾਹਟ ਹੈ 71
- ਇਸ਼ਕ ਦਾ ਰੋਗ 72
- ਧਰਤੀ ਹੈ ਤਿਰਹਾਈ 73
- ਅੱਜ ਬਹੁਤ ਸ਼ਿੰਗਾਰ 74
- ਸੋਹਣੇ ਫੁੱਲਾਂ ਦਾ 75
- ਹੁੰਦੀ ਰਹਿੰਦੀ ਸੁਬਹ-ਸ਼ਾਮ 76
- ਰੂਹ ਵਾਲਾ ਭੇਤ 77
- ਖੁੱਲ੍ਹ ਸਕਦੀ ਤਕਦੀਰ 78
- ਕਦੇ ਮੰਦਿਰ 'ਤੇ 79
- ਪਾ ਦੇ ਨੂਰ 80
- ਤੂੰ ਛੀਤੇ ਨਾਲ ਨਾ 81
- ਅੱਖੀਆਂ ਵਿਚ ਨਾ ਨੀਂਦਰ 82
- ਦਿਲ ਦਾ ਸੌਦਾ 83
- ਤੂੰ ਵਗ ਐ ਪੁਰੇ ਦੀ 84
- ਮੈਂ ਹਾਂ ਮੰਤਰ 86
- ਯਾਦ ਖ਼ੁਸ਼ਬੂ ਹੈ 87
- ਸੜਕ ਕੰਢੇ ਫੁੱਲ 88

# ਫੁੱਲਾਂ ਦੀ ਜ਼ੁਬਾਨ ਸਮਝਣ ਵਾਲਾ ਜ਼ਹੀਨ ਅਤੇ ਹੱਸਾਸ ਗ਼ਜ਼ਲਗੋਅ ਇਕਵਿੰਦਰ ਸਿੰਘ

ਹੁਸ਼ਿਆਰਪੁਰ ਦੀ ਪੰਜਾਬੀ ਗ਼ਜ਼ਲ ਦੀ ਤਾਰੀਖ਼ ਹਮੇਸ਼ਾਂ ਤੋਂ ਹੀ ਬਹੁਤ ਅਮੀਰ ਰਹੀ ਹੈ। ਇਥੇ ਦੀ ਜ਼ਰਖ਼ੇਜ਼ ਜ਼ਮੀਨ ਨੇ ਪੰਜਾਬੀ ਗ਼ਜ਼ਲ ਦੇ ਬੜੇ ਨਾਮਵਾਰ ਗ਼ਜ਼ਲਗੋਅ ਪੈਦਾ ਕੀਤੇ ਹਨ ਜਿਨ੍ਹਾਂ ਨੇ ਸਿਦਕਦਿਲੀ ਨਾਲ ਪੰਜਾਬੀ ਗ਼ਜ਼ਲ ਦੀ ਆਬਿਆਰੀ (ਸਿੰਚਾਈ) ਕੀਤੀ ਹੈ। ਉਨ੍ਹਾਂ ਵਿਚ ਮੁਮਤਾਜ਼ ਨਾਮ, ਜਨਾਬ ਮੁਜਰਿਮ ਦਸੂਹਵੀ, ਠਾਕੁਰ ਭਾਰਤੀ, ਦਾਮਨ ਹੁਸ਼ਿਆਰਪੁਰੀ, ਮਹਿੰਦਰ ਦੀਵਾਨਾ, ਮਨਜ਼ੂਰ ਹੁਸ਼ਿਆਰਪੁਰੀ, ਦੀਦਾਰ ਸਿੰਘ ਦੀਦਾਰ, ਦਵਿੰਦਰ ਜੋਸ਼ ਅਤੇ ਅਮਰੀਕ ਡੋਗਰਾ ਆਦਿ ਹਨ। ਅੱਜ ਦੇ ਦੌਰ ਦੀ ਪੰਜਾਬੀ ਗ਼ਜ਼ਲ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾ ਨਾਮ ਮੰਜ਼ਰੇ-ਅਦਬ 'ਤੇ ਉੱਭਰ ਕੇ ਆਉਂਦਾ ਹੈ ਉਹ ਨਾਮ ਹੈ ਪ੍ਰਸਿੱਧ ਗ਼ਜ਼ਲਗੋਅ ਇਕਵਿੰਦਰ ਸਿੰਘ ਦਾ। ਇਨ੍ਹਾਂ ਦੀਆਂ ਗ਼ਜ਼ਲਾਂ ਕਿਤਾਬੀ ਨਹੀਂ ਜ਼ਿਹਨੀ ਹਨ। ਇਕਵਿੰਦਰ ਸਿੰਘ ਦੀਆਂ ਗ਼ਜ਼ਲਾਂ ਜ਼ਿੰਦਗੀ ਨਾਲ ਵਾਬਸਤਗੀ ਰੱਖਦੀਆਂ ਹਨ। ਇਹ ਧੁਰ ਅੰਦਰੋਂ ਸ਼ਾਇਰ ਹਨ, ਇਕ ਰਵਾਨਗੀ ਅਤੇ ਨਗ਼ਮਗੀ ਇਨ੍ਹਾਂ ਦੀ ਰੂਹ ਵਿਚ ਹੈ। ਇਨ੍ਹਾਂ ਦੇ ਕੋਲ ਸਿਰਫ਼ ਲਫਜ਼ਾਂ ਦਾ ਜ਼ਖ਼ੀਰਾ ਹੀ ਨਹੀਂ ਸਗੋਂ ਲਫ਼ਜ਼ਾਂ ਨੂੰ ਗ਼ਜ਼ਲ ਵਿਚ ਬਾਖ਼ੂਬੀ ਇਸਤੇਮਾਲ ਕਰਨ ਦਾ ਹੁਨਰ ਵੀ ਹੈ।

ਇਕਵਿੰਦਰ ਸਿੰਘ ਮੇਰੇ ਵੱਡੇ ਭਰਾ ਦੀ ਤਰ੍ਹਾਂ ਹਨ। ਉਹ ਮੈਨੂੰ ਅਤੇ ਮੇਰੇ ਫ਼ਨ ਨੂੰ ਬਹੁਤ ਮੁਹੱਬਤ ਕਰਦੇ ਹਨ। ਮੈਂ ਵੀ ਉਨ੍ਹਾਂ ਦੀ ਸ਼ਾਇਰੀ ਦਾ ਕਦਰਦਾਨ ਹਾਂ। ਪਰ ਮੈਂ ਇਥੇ ਆਪਣੇ ਇਸ ਤਾਅਲੁਕ ਨੂੰ ਪਰ੍ਹੇ ਰੱਖ ਕੇ ਕਿਤਾਬ ਦੇ ਬਾਰੇ ਵਿਚ ਜੋ ਮਹਿਸੂਸ ਕੀਤਾ ਹੈ, ਉਹ ਲਿਖਿਆ ਹੈ।

ਇਥੇ ਮੈਂ ਆਪਣਾ ਹੀ ਸ਼ਿਅਰ ਇਨ੍ਹਾਂ ਲਈ ਕਹਿਣਾ ਮੁਨਾਸਿਬ ਸਮਝਦਾ ਹਾਂ:-

*ਤੁਝਕੋ ਤੋ ਸਿਰਫ਼ ਅਪਨੇ ਘਰਾਨੇ ਕੀ ਫ਼ਿਕਰ ਹੈ।*
*ਸ਼ਾਇਰ ਹੂੰ ਮੁਝਕੋ ਸਾਰੇ ਜ਼ਮਾਨੇ ਦੀ ਫ਼ਿਕਰ ਹੈ।*

ਇਨ੍ਹਾਂ ਦੀ ਅਦਬੀ ਫ਼ਿਕਰ ਸੰਸਾਰ ਭਰ ਵਿਚ ਹੋਣ ਵਾਲੇ ਤਮਾਮ ਨਸ਼ੇਬ-ਓ-ਫ਼ਰਾਜ਼ (ਉੱਚਾ-ਨੀਵਾਂ) ਉੱਤੇ ਨਜ਼ਰ ਰੱਖਦੀ ਹੈ। ਇਨ੍ਹਾਂ ਦੇ ਬਹੁਤੇ ਸ਼ਿਅਰ ਜ਼ਮੀਰ ਨੂੰ ਝੰਜੋੜਦੇ ਹਨ। ਇਹ ਸਮਾਜ ਵਿਚ ਹੋਣ ਵਾਲੀ ਹਰ ਗਤੀਵਿਧੀ 'ਤੇ ਪੈਨੀ ਨਜ਼ਰ ਰੱਖਦੇ ਹਨ। ਚੰਗੀ ਸ਼ਾਇਰੀ ਲੰਮੀ ਚੌੜੀ ਭੂਮਿਕਾ ਦੀ ਮੁਹਤਾਜ ਨਹੀਂ ਹੁੰਦੀ ਬਲਕਿ ਉਸਦੇ ਅਰਥ ਸਿੱਧੇ ਦਿਲ 'ਤੇ ਅਸਰ ਕਰਦੇ ਹਨ। ਗ਼ਜ਼ਲ ਕਹਿਣਾ ਆਮ ਕਲਾਵਾਂ ਨਾਲੋਂ ਬਹੁਤ ਮੁਸ਼ਕਿਲ ਫ਼ਨ ਹੈ। ਇਹ ਵਿਧਾ ਬਹੁਤ ਹੀ ਤਪੱਸਿਆ, ਧੀਰਜ, ਸੰਜਮ ਅਤੇ ਵਕਤ ਮੰਗਦੀ ਹੈ। ਗ਼ਜ਼ਲ ਦਾ ਫ਼ਨ ਜਲਦਬਾਜ਼ੀ ਦਾ ਫ਼ਨ ਨਹੀਂ ਹੈ। ਇਹ ਬਹੁਤ ਹੀ ਸੰਜੀਦਗੀ



ਅਤੇ ਮੁਸਤਕਿਲ ਮਿਜ਼ਾਜੀ ਦਾ ਫ਼ਨ ਹੈ। ਗ਼ਜ਼ਲ ਬਹੁਤ ਹੀ ਨਾਜ਼ੁਕ ਸ਼ੀਸ਼ਾ ਹੈ। ਇਹ ਮੁਹੱਬਤ ਦੇ ਇਲਾਵਾ ਕੋਈ ਹੋਰ ਭਾਰ ਨਹੀਂ ਸਹਾਰ ਸਕਦਾ।

ਇਕਵਿੰਦਰ ਸਿੰਘ ਨੇ ਇਸ ਫ਼ਨ ਨੂੰ ਇਬਾਦਤ ਦੀ ਤਰ੍ਹਾਂ ਸੰਜੀਦਗੀ ਨਾਲ ਅਪਣਾਇਆ ਅਤੇ ਪੰਜਾਬੀ ਗ਼ਜ਼ਲ ਦੀ ਫ਼ਿਜ਼ਾ ਨੂੰ ਖ਼ੁਸ਼ਗਵਾਰ ਬਣਾਉਣ ਲਈ ਆਪਣੇ ਆਪ ਨੂੰ ਖ਼ਰਚ ਕੀਤਾ ਹੈ। ਆਮ ਆਲੋਚਕ ਪੰਜਾਬੀ ਗ਼ਜ਼ਲ 'ਤੇ ਇਹ ਇਲਜ਼ਾਮ ਲਗਾਉਂਦੇ ਹਨ ਕਿ ਇਹ ਉਰਦੂ ਗ਼ਜ਼ਲ ਦੇ ਮੁਕਾਬਲੇ ਬਹੁਤ ਹਲਕੀ ਅਤੇ ਆਮ ਤੌਰ 'ਤੇ ਬਹਿਰ ਤੋਂ ਖਾਰਜ ਹੁੰਦੀ ਹੈ। ਪਰ ਇਕਵਿੰਦਰ ਸਿੰਘ ਦੀਆਂ ਗ਼ਜ਼ਲਾਂ ਪੜ੍ਹਕੇ ਤਸਕੀਨ ਹੁੰਦੀ ਹੈ ਕਿ ਇਨ੍ਹਾਂ ਦੀਆਂ ਗ਼ਜ਼ਲਾਂ ਅਰੂਜ਼ ਦੀਆਂ ਕਦਰਾਂ-ਕੀਮਤਾਂ 'ਤੇ ਖ਼ਰੀਆਂ ਉੱਤਰਦੀਆਂ ਹਨ।

ਇਕਵਿੰਦਰ ਸਿੰਘ ਨੇ ਜ਼ਿੰਦਗੀ ਨੂੰ ਬੜੇ ਕਰੀਬ ਤੋਂ ਵੇਖਿਆ ਹੈ। ਇਨ੍ਹਾਂ ਦੀ ਸ਼ਾਇਰੀ ਜਾਮਿਦ (ਜੰਮੀ ਹੋਈ) ਨਹੀਂ ਹੈ ਸਗੋਂ ਇਸ ਵਿਚ ਤਹਿਰੀਕ (ਅੱਗੇ ਵਧਣਾ) ਮੌਜੂਦ ਹੈ। ਇਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਵਿਚ ਹੁਸਨ ਅਤੇ ਇਸ਼ਕ ਦੇ ਜਜ਼ਬਿਆਂ ਦੇ ਨਾਲ-ਨਾਲ ਜ਼ਿੰਦਗੀ ਅਤੇ ਕਾਇਨਾਤ ਦੇ ਹੋਰ ਮਸਲਿਆਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਹੈ। ਇਨ੍ਹਾਂ ਦੇ ਅੰਦਰ ਜ਼ਿਹਨੀ ਸ਼ਾਇਰ ਛੁਪਿਆ ਹੋਇਆ ਹੈ। ਕਿਤੇ-ਕਿਤੇ ਇਹ ਬਿਲਕੁਲ ਨਵੀਂ ਗੱਲ ਕਹਿ ਗਏ ਹਨ। ਇਨ੍ਹਾਂ ਦੀਆਂ ਗ਼ਜ਼ਲਾਂ ਵਿਚ ਸੱਚੇ ਫ਼ਨਕਾਰ ਦੀ ਤੜਪ ਸ਼ਾਮਿਲ ਹੈ। ਹਾਲਾਂਕਿ ਇਨ੍ਹਾਂ ਨੇ ਕਈ ਗੀਤ ਵੀ ਲਿਖੇ ਹਨ ਫਿਰ ਵੀ ਮੈਂ ਇਹ ਅੰਦਾਜ਼ਾ ਲਗਾਇਆ ਹੈ ਕਿ ਗ਼ਜ਼ਲ ਨਾ ਸਿਰਫ਼ ਇਨ੍ਹਾਂ ਦੀ ਮਹਿਬੂਬ ਸਿਨਫ਼-ਏ-ਸੁਖ਼ਨ ਹੈ, ਬਲਕਿ ਜ਼ਿੰਦਗੀ ਦਾ ਹਿੱਸਾ ਵੀ ਹੈ।

ਇਕਵਿੰਦਰ ਸਿੰਘ ਸ਼ਬਦਾਂ ਦੀ ਫ਼ਿਤਰਤ ਅਤੇ ਸੁਭਾਅ ਤੋਂ ਪਾਰਦਰਸ਼ੀ ਦ੍ਰਿਸ਼ਟੀ ਦੇ ਗੁੱਝੇ, ਪੱਕੇ, ਦ੍ਰਿੜ੍ਹ ਅਤੇ ਸੁਯੋਗ ਹੋਂਦੇ ਹੋਏ ਉਸਤਾਦ ਵਾਂਗ ਪੂਰੀ ਤਰ੍ਹਾਂ ਘੜੇ-ਤਰਾਸ਼ੇ ਅਤੇ ਸ਼ਬਦ ਸ਼ਿਲਪੀ ਹਨ। ਇਨ੍ਹਾਂ ਦੇ ਬਹੁਤ ਸ਼ਿਅਰ ਪੰਜਾਬੀ ਦੇ ਵੱਡੇ ਅਤੇ ਮਿਆਰੀ ਸ਼ਿਅਰਾਂ ਦੇ ਮੁਕਾਬਲੇ ਰੱਖੇ ਜਾ ਸਕਦੇ ਹਨ। ਇਨ੍ਹਾਂ ਦੀਆਂ ਗ਼ਜ਼ਲਾਂ ਦੀ ਜ਼ਮੀਨ ਬੜੀ ਆਹੰਗ ਭਰੀ (ਸੰਗੀਤਮਈ) ਅਤੇ ਵਸੀਹ (ਵਿਸ਼ਾਲ) ਹੈ।

ਬਹੁਤ ਸਾਲ ਪਹਿਲਾਂ ਉਸਤਾਦ ਸਾਧੂ ਸਿੰਘ ਹਮਦਰਦ ਸਾਹਿਬ ਨੇ ਆਪਣੇ ਪੰਜਾਬੀ ਗ਼ਜ਼ਲ ਥੀਸਿਸ 'ਪੰਜਾਬੀ ਗ਼ਜ਼ਲ ਦਾ ਨਿਕਾਸ ਅਤੇ ਵਿਕਾਸ' ਵਿਚ ਇਕਵਿੰਦਰ ਸਿੰਘ ਨੂੰ ਉਚਿਤ ਸਥਾਨ ਦੇ ਕੇ ਉਨ੍ਹਾਂ ਦੀ ਪ੍ਰਤਿਭਾ ਅਤੇ ਹਰਮਨ ਪਿਆਰਤਾ ਦੀ ਪੇਸ਼ੀਨਗੋਈ (ਭਵਿੱਖਬਾਣੀ) ਕਰ ਦਿੱਤੀ ਸੀ ਜਿਹੜੀ ਕਿ ਹੁਣ ਸੱਚ ਸਾਬਤ ਹੋਈ ਹੈ।

ਇਕਵਿੰਦਰ ਸਿੰਘ ਦੀਆਂ ਗ਼ਜ਼ਲਾਂ ਵਿਚ ਸਾਦਗੀ, ਸਪੱਸ਼ਟਤਾ ਤੇ ਨਿਵੇਕਲਾਪਨ ਹੈ। ਆਪਦੀਆਂ ਗ਼ਜ਼ਲਾਂ ਪ੍ਰੰਪਰਾਵਾਦੀ ਅਤੇ ਆਧੁਨਿਕਤਾ ਦਾ ਸੁਮੇਲ ਹਨ। ਗ਼ਜ਼ਲਗੋਅ ਫੁੱਲਾਂ ਦੀ ਬਾਤ ਪਾਉਂਦੇ ਤਾਂ ਮੈਂ ਬਹੁਤ ਵੇਖੇ ਹਨ, ਪਰ ਉਨ੍ਹਾਂ ਦੀ ਜ਼ੁਬਾਨ ਨੂੰ ਸਮਝਣ ਵਾਲੇ ਬਹੁਤ ਘੱਟ ਗ਼ਜ਼ਲਗੋਅ ਹਨ। ਕੋਈ ਹੱਸਾਸ ਤਬੀਅਤ (ਸੰਵੇਦਨਸ਼ੀਲ) ਗ਼ਜ਼ਲਗੋਅ ਹੀ ਫੁੱਲਾਂ ਦੀ ਜ਼ੁਬਾਨ ਸਮਝ ਸਕਦਾ ਹੈ।

ਸ਼ਾਇਰ ਦੀ ਫ਼ਿਕਰ ਦਾ ਇਕ ਰੰਗ ਦੇਖਦੇ ਹਾਂ:-

*ਕਦੇ ਮੰਦਿਰ 'ਤੇ ਬਹਿੰਦੇ ਨੇ ਕਦੇ ਮਸਜਿਦ 'ਤੇ ਬਹਿੰਦੇ ਨੇ।*
*ਪਰਿੰਦੇ ਫਿਰਕਿਆਂ ਦੀ ਕੈਦ ਤੋਂ ਆਜ਼ਾਦ ਰਹਿੰਦੇ ਨੇ।*

ਕਿਸੇ ਦੀ ਸ਼ਾਇਰੀ 'ਤੇ ਇਜ਼ਹਾਰ-ਏ-ਖ਼ਿਆਲ ਕਰਨਾ ਬਹੁਤ ਮੁਸ਼ਕਿਲ ਕੰਮ ਹੁੰਦਾ ਹੈ। ਸ਼ਾਇਰ ਨੇ ਕਈ ਗ਼ਜ਼ਲਾਂ ਵਿਚ ਇਕ ਹੀ ਕਾਫ਼ੀਏ ਨੂੰ ਕਈ-ਕਈ ਵਾਰ ਇਸਤੇਮਾਲ ਕੀਤਾ ਹੈ ਹਾਲਾਂਕਿ ਸ਼ਾਇਰ ਨੇ ਹਰ ਵਾਰ ਉਸ ਕਾਫ਼ੀਏ ਨੂੰ ਨਵੇਂ ਜ਼ਾਵੀਏ ਨਾਲ ਕਹਿਣ ਦੀ ਕੋਸ਼ਿਸ਼ ਕੀਤੀ ਹੈ ਫਿਰ ਵੀ ਕੁਝ ਮਾਹਿਰ-ਏ-ਫ਼ਨ ਇਸ ਅਮਲ ਨੂੰ ਐਬ ਮੰਨਦੇ ਹਨ। ਜ਼ਿਹਨ 'ਚ ਪੁਖ਼ਤਗੀ ਹੋਣ ਦੇ ਬਾਵਜੂਦ ਵੀ ਗ਼ਜ਼ਲਗੋਅ ਬੜੀ ਫ਼ਰਾਖ਼-ਦਿਲੀ ਨਾਲ ਇਹ ਗੱਲ ਤਸਲੀਮ ਕਰਦਾ ਹੈ ਕਿ ਉਹ ਹਾਲੇ ਵੀ ਤਾਲਿਬ-ਏ-ਇਲਮ (ਵਿਦਿਆਰਥੀ) ਹੀ ਹੈ ਅਤੇ ਕਹਿੰਦਾ ਹੈ:-

*ਕਿਸੇ ਉਸਤਾਦ ਤੋਂ ਇਸਲਾਹ ਲੈ ਲੈ,*
*ਤੂੰ ਕਾਹਲੀ ਵਿਚ ਨਾ ਐਵੇਂ ਛਾਪ ਗ਼ਜ਼ਲਾਂ।*

ਜ਼ਿੰਦਗੀ ਦੇ ਬਹੁ-ਰੰਗਾਂ ਵਿਚ ਕਹੀਆਂ ਗਈਆਂ ਇਨ੍ਹਾਂ ਦੀਆਂ ਗ਼ਜ਼ਲਾਂ ਪੜ੍ਹਣ ਵਾਲਿਆਂ ਨੂੰ ਸਕੂਨ ਦੇਣਗੀਆਂ। ਨਜ਼ਾਕਤ, ਲਤਾਫ਼ਤ ਅਤੇ ਮੁਹੱਬਤ ਨਾਲ ਲਬਰੇਜ਼ ਇਹ ਗ਼ਜ਼ਲਾਂ ਤੜਫ਼ਦੇ ਦਿਲਾਂ ਨੂੰ ਉਸ ਸੰਸਾਰ ਵਿਚ ਲੈ ਜਾਣਗੀਆਂ ਜਿੱਥੇ ਸਿਰਫ਼ ਮਸਤੀ ਅਤੇ ਖ਼ੁਮਾਰੀ ਹੈ।

*'ਵੋਹ ਸ਼ਾਇਰ ਤੋ ਬਹੁਤ ਅੱਛਾ ਹੈ ਲੇਕਿਨ'*
*ਅਬ ਇਸ 'ਲੇਕਿਨ' ਦਾ ਮਤਲਬ ਆਪ ਸਮਝੇਂ।*

ਮੈਂ ਉਮੀਦ ਕਰਦਾ ਹਾਂ ਕਿ ਇਕਵਿੰਦਰ ਸਿੰਘ ਨੇ ਹੁਣ ਤੱਕ ਜਿਸ ਸੰਜੀਦਗੀ ਨਾਲ ਆਪਣਾ ਵਕਤ ਪੰਜਾਬੀ ਗ਼ਜ਼ਲ ਨੂੰ ਦਿੱਤਾ ਹੈ, ਪੰਜਾਬੀ ਗ਼ਜ਼ਲ ਵੀ ਆਪ ਨੂੰ ਸ਼ੋਹਰਤ ਦੀਆਂ ਬੁਲੰਦੀਆਂ ਅਤਾ (ਪ੍ਰਦਾਨ) ਕਰੇਗੀ।

ਨੇਕ ਖ਼ੁਆਹਿਸ਼ਾਂ ਤੇ ਦੁਆਵਾਂ ਨਾਲ।

'ਕਸ਼ਿਸ਼' ਹੁਸ਼ਿਆਰਪੁਰੀ
(ਉਰਦੂ ਸ਼ਾਇਰ)
ਮੋਬਾਇਲ: 98769-78567



# ਮੈਂ ਸਮਝਦਾਂ ਜ਼ੁਬਾਨ

ਮੈਂ ਸਮਝਦਾਂ ਜ਼ੁਬਾਨ ਫੁੱਲਾਂ ਦੀ!
ਜਾਨ ਮੇਰੀ 'ਚ ਜਾਨ ਫੁੱਲਾਂ ਦੀ!

ਮੈਂ ਸਮਝਦਾਂ ਜ਼ੁਬਾਨ ਫੁੱਲਾਂ ਦੀ!
ਹੋ ਕੇ ਅੰਤਰ-ਧਿਆਨ ਫੁੱਲਾਂ ਦੀ!

ਐਵੇਂ ਨਾ ਦੋਸ਼ ਲਾਓ ਨੀ ਕਲੀਓ!
ਖੁੱਲ੍ਹ ਨਾ ਜਾਵੇ ਜ਼ੁਬਾਨ ਫੁੱਲਾਂ ਦੀ!

ਲੋਕ ਕੰਡਿਆਂ ਦਾ ਕਰ ਰਹੇ ਧੰਦਾ,
ਬੰਦ ਕਰ ਕੇ ਦੁਕਾਨ ਫੁੱਲਾਂ ਦੀ!

ਕੌਣ ਬਾਗ਼ਾਂ 'ਚ ਆ ਗਿਆ ਮਾਲੀ?
ਬੰਦ ਹੋਈ ਜ਼ੁਬਾਨ ਫੁੱਲਾਂ ਦੀ!

ਭਾਵੇਂ ਸੌ ਵਾਰ ਮੁਕਟ ਲਾਉਣ ਕੰਡੇ,
ਰਹਿਣੀ ਏਂ ਆਨ-ਬਾਨ ਫੁੱਲਾਂ ਦੀ!

ਇੱਥੇ ਪੁੱਛਦਾ ਹੈ ਕੌਣ ਕੰਡਿਆਂ ਨੂੰ,
ਚਰਚਾ ਕਰਦਾ ਜਹਾਨ ਫੁੱਲਾਂ ਦੀ!

ਮੇਰੇ ਦਿਲ ਵਿਚ ਨੁਮਾਇਸ਼ ਲੱਗੀ ਹੈ,
ਹੋਏ ਅੰਤਰ-ਧਿਆਨ ਫੁੱਲਾਂ ਦੀ!

ਇੰਜ ਘੁੱਟ ਕੇ ਫੜੋ ਨਾ ਇਹਨਾਂ ਨੂੰ,
ਜਾਨ ਨੰਨ੍ਹੀ ਹੈ ਜਾਨ ਫੁੱਲਾਂ ਦੀ!

ਜਦ ਵੀ ਅੰਤਰ-ਧਿਆਨ ਹੁੰਦਾ ਹਾਂ,
ਮੈਨੂੰ ਸੁਣਦੀ ਅਜ਼ਾਨ ਫੁੱਲਾਂ ਦੀ!

ਅਪਣੀ ਸੂਰਤ ਦਿਖਾ ਕੇ ਐ ਦਿਲਬਰ!
ਲਾਹ ਦੇ ਸਾਰੀ ਥਕਾਨ ਫੁੱਲਾਂ ਦੀ!

ਕੰਡੇ ਇਕ ਦੂਸਰੇ ਨੂੰ ਕਹਿੰਦੇ ਨੇ;
ਜ਼ਿੰਦਗੀ ਭਾਈਜਾਨ ਫੁੱਲਾਂ ਦੀ!

ਦਿਲ ਦੇ ਵਾਂਗੂੰ ਨਾ ਤੋੜੋ ਇਹਨਾਂ ਨੂੰ,
ਸਾਡੇ ਵਰਗੀ ਹੈ ਜਾਨ ਫੁੱਲਾਂ ਦੀ!

ਕੰਡਿਆਂ ਵਰਗੇ ਨੇ ਖੋਲ੍ਹ ਕੇ ਬੈਠੇ,
ਲੋਕ ਅੱਜ ਕੱਲ੍ਹ ਦੁਕਾਨ ਫੁੱਲਾਂ ਦੀ!

ਫਿਰ ਤੁਹਾਡਾ ਬਣੇਗਾ ਕੀ ਕਲੀਓ?
ਖੁੱਲ੍ਹ ਗਈ ਜੇ ਜ਼ੁਬਾਨ ਫੁੱਲਾਂ ਦੀ!

ਇਹ ਤਾਂ ਕੰਡਿਆਂ 'ਚ ਮੁਸਕਰਾਉਂਦੇ ਨੇ,
ਜ਼ਿੰਦਗੀ ਹੈ ਮਹਾਨ ਫੁੱਲਾਂ ਦੀ!



ਕਿਸੇ ਤਿਤਲੀ ਦੇ ਹੋਏ ਨਹੀਂ ਦਰਸ਼ਨ,
ਖੋਲ੍ਹ ਬੈਠਾਂ ਦੁਕਾਨ ਫੁੱਲਾਂ ਦੀ!

ਇਹ ਹੈ ਕੰਡਿਆਂ ਨੇ ਫ਼ੈਸਲਾ ਕੀਤਾ,
ਸਾਂਭ ਲੈ ਤੂੰ ਕਮਾਨ ਫੁੱਲਾਂ ਦੀ!

ਮੇਰੀ ਹਸਰਤ ਇਹ ਹੈ ਕਿ ਬਣ ਜਾਏ,
ਮੰਡੀ ਸਾਰਾ ਜਹਾਨ ਫੁੱਲਾਂ ਦੀ!

ਤੇਰੇ ਜੂੜੇ 'ਚ ਜੇ ਇਹ ਜਾਣ ਟੰਗੇ,
ਹੋਰ ਵਧ ਜਾਏ ਸ਼ਾਨ ਫੁੱਲਾਂ ਦੀ!

ਚਾਹੇ ਕਿੰਨੀਆਂ ਵੀ ਦੇਣ ਖ਼ੁਸ਼ਬੂਆਂ,
ਜ਼ਿੰਦਗੀ ਨਾਸ਼ਵਾਨ ਫੁੱਲਾਂ ਦੀ!

ਇੱਕ ਵਾਰੀ ਤੁਸੀਂ ਮਾਰ ਜਾਓ ਗੇੜਾ,
ਸੰਗੀ ਲੱਥੇ ਥਕਾਨ ਫੁੱਲਾਂ ਦੀ!

ਖਿੜਕ ਜਾਵੇ ਜਹਾਨ ਦੀ ਬੇਸ਼ਕ,
ਖਿੜਕਣੀ ਨਾ ਜ਼ੁਬਾਨ ਫੁੱਲਾਂ ਦੀ।

ਫਿਰ ਵੀ ਲੋਕਾਂ ਨੂੰ ਆਇਆ ਨਹੀਂ ਹੱਸਣਾ,
ਭਾਵੇਂ ਥਾਂ-ਥਾਂ ਦੁਕਾਨ ਫੁੱਲਾਂ ਦੀ!

ਬਹੁਤ ਝੂਲੇ ਝੁਲਾਏ ਪੌਣਾਂ ਨੇ,
ਪਰ ਨਾ ਲੱਥੀ ਥਕਾਨ ਫੁੱਲਾਂ ਦੀ!

ਝੂਠ ਬੋਲੇ ਜਾਂ ਕੋਈ ਵੀ ਕੁਫ਼ਰ ਤੋਲੇ,
ਰਹਿਣੀ ਸੱਚੀ ਜ਼ੁਬਾਨ ਫੁੱਲਾਂ ਦੀ!

ਕੋਈ ਹੋਇਆ ਗੁਨਾਹ ਜੇ ਇਹਨਾਂ ਤੋਂ,
ਬਖ਼ਸ਼ ਦੇਵੋ ਜੀ ਜਾਨ ਫੁੱਲਾਂ ਦੀ!

ਇਵੇਂ ਨਾ ਰੋਲ਼ ਇਨ੍ਹਾਂ ਨੂੰ ਪੈਰਾਂ ਵਿਚ,
ਕਦਰ ਕਰ ਮੇਜ਼ਬਾਨ ਫੁੱਲਾਂ ਦੀ।

ਸਜਿਆ ਦਰਬਾਰ ਜਦ ਵੀ ਹੈ ਗੁਲਸ਼ਨ ਦਾ,
ਛੇੜੀ ਕਲੀਆਂ ਨੇ ਤਾਨ ਫੁੱਲਾਂ ਦੀ!

ਯਾਰ! ਵਾਪਸ ਨਹੀਂ ਹੈ ਹੋ ਸਕਦੀ,
ਦਿੱਤੀ ਹੋਈ ਜ਼ੁਬਾਨ ਫੁੱਲਾਂ ਦੀ।

ਗੁੜ੍ਹਤੀ ਦਿੱਤੀ ਹੈ ਮਧੂ-ਮੱਖੀਆਂ ਨੇ,
ਤਾਹੀਓਂ ਮਿੱਠੀ ਜ਼ੁਬਾਨ ਫੁੱਲਾਂ ਦੀ।

ਕੌਣ ਕੰਡਿਆਂ ਨੂੰ ਪੁੱਛਦਾ ਹੈ 'ਇਕਵਿੰਦਰ'?
ਗੱਲ ਕਰਦਾ ਜਹਾਨ ਫੁੱਲਾਂ ਦੀ!

***



## ਹਾਏ-ਹਾਏ ਤੇਰੀਆਂ

ਹਾਏ-ਹਾਏ ਤੇਰੀਆਂ ਅੰਗੜਾਈਆਂ!
ਲੰਮੀਆਂ-ਲੰਮੇਰੀਆਂ ਅੰਗੜਾਈਆਂ!

ਹਾਏ-ਹਾਏ ਤੇਰੀਆਂ ਅੰਗੜਾਈਆਂ!
ਹਾਏ-ਹਾਏ ਮੇਰੀਆਂ ਅੰਗੜਾਈਆਂ!

ਝਟਕੀਆਂ ਸੀ ਤੂੰ ਜੋ ਚੜ੍ਹ ਕੇ ਛੱਤ 'ਤੇ,
ਸੁਪਨਿਆਂ ਨੇ ਘੇਰੀਆਂ ਅੰਗੜਾਈਆਂ!

ਸਾਂਭ ਕੇ ਰੱਖਿਆ ਕਰੋ ਨੀ ਤਿਤਲੀਓ!
ਕਰਨ ਹੇਰਾ-ਫੇਰੀਆਂ ਅੰਗੜਾਈਆਂ!

ਤੋੜਿਆਂ ਦੇ ਬਣ ਗਈ ਏ ਜਾਨ 'ਤੇ,
ਲੈਂਦੀਆਂ ਨੇ ਬੇਰੀਆਂ ਅੰਗੜਾਈਆਂ!

ਪਹੁੰਚੀਆਂ ਨਾ ਪਹੁੰਚਣੇ ਵਾਲੇ ਦੇ ਕੋਲ,
ਹਾਏ-ਹਾਏ ਮੇਰੀਆਂ ਅੰਗੜਾਈਆਂ!

ਛੇੜ ਕੇ ਲੰਘੀਆਂ ਸੀ 'ਇਕਵਿੰਦਰ' ਨੂੰ ਜੋ,
ਸੁਪਨਿਆਂ ਨੇ ਘੇਰੀਆਂ ਅੰਗੜਾਈਆਂ!

***

## ਤੈਨੂੰ ਅੰਦਾਜ਼ਾ ਨਹੀਂ

ਤੈਨੂੰ ਅੰਦਾਜ਼ਾ ਨਹੀਂ ਇਸ ਲਹਿਰ ਦਾ।
ਪਿਆਰ ਮੈਂ ਕਰਦਾ ਹਾਂ ਤੈਨੂੰ ਕਹਿਰ ਦਾ।

ਛਤਰੀਆਂ ਦੇ ਹੋ ਗਏ ਲੋਕੀਂ ਗ਼ੁਲਾਮ,
ਕੌਣ ਹੁਣ ਰੁੱਖਾਂ ਦੀ ਛਾਵੇਂ ਠਹਿਰਦਾ?

ਨੱਸਦਾ ਜਾਨੈਂ ਤੂੰ ਕਿਉਂ ਪਰਛਾਵਿਆਂ?
ਵਕਤ ਤਾਂ ਆਇਆ ਨਹੀਂ ਦੋ-ਪਹਿਰ ਦਾ।

ਜੀਭ ਕੱਢ ਕੇ ਬਹਿ ਗਿਆ ਸੀ ਪੁਲ਼ ਜਦੋਂ,
ਸ਼ੂਕਦਾ ਪਾਣੀ ਸੀ ਓਦੋਂ ਨਹਿਰ ਦਾ।

ਸ਼ਹਿਦ ਦਾ ਲੇਬਲ ਲਗਾ ਕੇ ਅੱਜਕੱਲ੍ਹ,
ਲੋਕ ਹੁਣ ਕਰਦੇ ਨੇ ਧੰਦਾ ਜ਼ਹਿਰ ਦਾ।



ਬਦਲ਼ੀਆਂ ਦੀ ਛਾਂ ਕਿਰਾਏ 'ਤੇ ਮਿਲੇ,
ਹੈ ਅਜਬ ਦਸਤੂਰ ਤੇਰੇ ਸ਼ਹਿਰ ਦਾ।

ਰੂਪ ਤੇਰਾ ਹੈ ਰੁਬਾਈ ਇਸ਼ਕ ਦੀ,
ਜਿਸਮ ਤੇਰਾ ਹੈ ਗ਼ਜ਼ਲ ਦੀ ਬਹਿਰ ਦਾ।

ਤਖ਼ਤ ਉਹ ਸੌਂਪੇ ਜਾਂ ਤੈਥੋਂ ਖੋਹ ਲਵੇ,
ਕੀ ਭਰੋਸਾ ਦਿਲ ਦੇ ਦਿੱਲੀ ਸ਼ਹਿਰ ਦਾ?

ਤੇਰੀਆਂ ਯਾਦਾਂ ਦਾ ਚੰਬਾ ਰੋਜ਼ ਹੀ,
ਦਿਲ ਦੀ ਮਮਟੀ 'ਤੇ ਹੈ ਆਕੇ ਠਹਿਰਦਾ।

ਪੀ ਗਿਆ ਸੁਕਰਾਤ 'ਇਕਵਿੰਦਰ' ਇਵੇਂ;
ਨਾਮ ਚਰਚਿਤ ਹੋ ਗਿਆ ਹੈ ਜ਼ਹਿਰ ਦਾ।

***

# ਰਾਤ ਸੁੱਤੀ

ਰਾਤ ਸੁੱਤੀ ਚਿਰਾਗ਼ ਜਾਗੇ ਨੇ!
ਦਿਲ ਦੇ ਜ਼ਖ਼ਮਾਂ ਦੇ ਦਾਗ਼ ਜਾਗੇ ਨੇ!

ਸੁੱਤੇ ਹੋਏ ਚਿਰਾਗ਼ ਜਾਗੇ ਨੇ!
ਚੰਗਾ ਹੋਇਆ ਦਿਮਾਗ਼ ਜਾਗੇ ਨੇ!

ਸਹਿਮੇ-ਸਹਿਮੇ ਚਿਰਾਗ਼ ਜਾਗੇ ਨੇ!
ਮੇਰੀ ਉਲਫ਼ਤ ਦੇ ਦਾਗ਼ ਜਾਗੇ ਨੇ!

ਹੁਣ ਤਾਂ ਇਹਨਾਂ ਦੀ ਨੀਂਦ ਬਣਦੀ ਹੈ,
ਰਾਤ ਸਾਰੀ ਚਿਰਾਗ਼ ਜਾਗੇ ਨੇ!

ਖ਼ੂਬ ਕਰਨੀ ਪਈ ਹੈ ਹੁਣ ਮਾਲਿਸ਼,
ਤਾਂ ਇਹ ਸੁੱਤੇ ਦਿਮਾਗ਼ ਜਾਗੇ ਨੇ!

ਲੋੜ ਜਿੰਨੀ ਤਾਂ ਰੌਸ਼ਨੀ ਨਹੀਂ ਹੈ,
ਥਾਂ-ਥਾਂ ਭਾਵੇਂ ਚਿਰਾਗ਼ ਜਾਗੇ ਨੇ!

ਮੇਰੇ ਗ਼ਲ ਲੱਗ ਕੇ ਸੌਂ ਗਈ ਖ਼ੁਸ਼ਬੂ,
ਮੇਰੀ ਕਿਸਮਤ ਦੇ ਬਾਗ਼ ਜਾਗੇ ਨੇ!



ਮੈਂ ਤਾਂ ਕੋਈ ਖੜਾਕ ਨਾ ਸੁਣਿਆਂ,
ਕਿਉਂ ਅਚਾਨਕ ਚਿਰਾਗ਼ ਜਾਗੇ ਨੇ?

ਇਹ ਤਾਂ ਚੰਨ ਹੀ ਹਿਸਾਬ ਲਾ ਸਕਦਾ,
ਰਾਤ ਕਿੰਨੇ ਸੁਹਾਗ਼ ਜਾਗੇ ਨੇ!

ਕੌਣ ਮਹਿਫ਼ਲ 'ਚ ਆ ਗਿਆ ਯਾਰੋ?
ਸੌਂਦੇ-ਸੌਂਦੇ ਚਿਰਾਗ਼ ਜਾਗੇ ਨੇ!

ਹਾਲੇ ਖੁੱਲ੍ਹੇ ਨਹੀਂ ਹਨ ਮੈਅਖ਼ਾਨੇ,
ਟਾਵੇਂ-ਟਾਵੇਂ ਚਿਰਾਗ਼ ਜਾਗੇ ਨੇ।

ਨਾ ਸੁਲਾਓ! ਹਵਾਓ! ਇਹਨਾਂ ਨੂੰ,
ਬੜੀ ਮੁਸ਼ਕਿਲ ਚਿਰਾਗ਼ ਜਾਗੇ ਨੇ!

ਰਾਤ ਲੰਘੀ ਨਹੀਂ ਹੈ ਦੋ ਘੜੀਆਂ,
ਅੱਲ੍ਹੇ ਜ਼ਖ਼ਮਾਂ ਦੇ ਦਾਗ਼ ਜਾਗੇ ਨੇ।

ਮੈਂ ਇਕੱਲਾ ਨਹੀਂ ਸਾਂ 'ਇਕਵਿੰਦਰ',
ਨਾਲ ਮੇਰੇ ਚਿਰਾਗ਼ ਜਾਗੇ ਨੇ!

***

## ਰਾਗ ਪਰੀਆਂ ਨੇ

ਰਾਗ ਪਰੀਆਂ ਨੇ ਗਾਇਆ ਲਗਦਾ ਹੈ।
ਮੇਰਾ ਮਹਿਬੂਬ ਆਇਆ ਲਗਦਾ ਹੈ।

ਹੁਣ ਨਾ ਕੋਈ ਪਰਾਇਆ ਲਗਦਾ ਹੈ।
ਮਨ ਫ਼ਕੀਰੀ 'ਚ ਆਇਆ ਲਗਦਾ ਹੈ।

ਉਹ ਤਾਂ ਮਿਲਦਾ ਹੈ ਸਭ ਨੂੰ ਹੱਸ-ਹੱਸ ਕੇ,
ਦਰਦ ਉਸ ਨੇ ਛੁਪਾਇਆ ਲਗਦਾ ਹੈ।

ਇਸ 'ਚ ਮੇਰੇ ਨਸ਼ੇ ਦਾ ਦੋਸ਼ ਨਹੀਂਓਂ,
ਰਾਹ ਨੇ ਘਰ ਭੁਲਾਇਆ ਲਗਦਾ ਹੈ।

ਦਿਲ ਦੇ ਪੰਛੀ ਤੂੰ ਸੰਭਲ ਕੇ ਉੱਡੀਂ,
ਜਾਲ਼ ਥਾਂ-ਥਾਂ ਵਿਛਾਇਆ ਲਗਦਾ ਹੈ।

ਸਾਡਾ ਸੂਰਜ ਨਹੀਂ ਹੈ ਥਾਂ ਅਪਣੀ,
ਇਹ ਕਿਸੇ ਨੇ ਹਿਲਾਇਆ ਲਗਦਾ ਹੈ।



ਜਿਸ 'ਚ ਅਪਣੱਤ ਮਰ ਗਈ ਹੋਵੇ,
ਉਸ ਨੂੰ ਆਲਮ ਪਰਾਇਆ ਲਗਦਾ ਹੈ।

ਲੋਕ ਸਾਰੇ ਹੀ ਰਾਹ ਪੁੱਛਦੇ ਨੇ,
ਨੇਰ੍ਹ ਦੁਨੀਆ 'ਚ ਛਾਇਆ ਲਗਦਾ ਹੈ।

ਦੁਸ਼ਮਣਾਂ ਨੂੰ ਉਹ ਪਾ ਰਿਹਾ ਜੱਫੀਆਂ,
ਦੋਸਤਾਂ ਦਾ ਸਤਾਇਆ ਲਗਦਾ ਹੈ।

ਸਭ ਨੂੰ ਮਿਲਿਆ ਹੈ ਹੁਸਨ ਤੁਲ-ਤੁਲ ਕੇ,
ਤੈਨੂੰ ਗੱਫਾ ਸਵਾਇਆ ਲਗਦਾ ਹੈ।

ਤੇਰੀ ਨਗਰੀ 'ਚ ਮਸਤ ਨਜ਼ਰਾਂ ਨੇ,
ਜਾਲ਼ ਥਾਂ-ਥਾਂ ਵਿਛਾਇਆ ਲਗਦਾ ਹੈ।

ਮੇਰੀ ਸੁਣ ਕੇ ਉਹ ਦਾਸਤਾਂ ਬੋਲੇ,
ਕਿੱਸਾ ਸੁਣਿਆ-ਸੁਣਾਇਆ ਲਗਦਾ ਹੈ।

ਜਾਹ! ਛੁਪਾ ਲੈ ਤੂੰ ਮੇਰੀਆਂ ਯਾਦਾਂ ਨੂੰ,
ਕੋਈ ਬੂਹੇ 'ਤੇ ਆਇਆ ਲਗਦਾ ਹੈ।

ਦਿਲ ਦੇ ਛੋਟੇ ਜਹੇ ਹੀ ਪੁਰਜ਼ੇ ਨੇ,
ਵਕਤ ਸਭਨਾਂ ਨੂੰ ਪਾਇਆ ਲਗਦਾ ਹੈ।

ਮੁਸਕਰਾਉਂਦਾ ਹੈ ਆ ਰਿਹਾ ਕਾਸਿਦ,
ਖ਼ਤ ਮੁਹੱਬਤ ਦਾ ਆਇਆ ਲਗਦਾ ਹੈ।

ਸ਼ੋਖ਼ ਕਲੀਆਂ ਨੇ ਦਿਲ ਦੇ ਭੰਵਰੇ ਦਾ,
ਖ਼ੂਬ ਮੌਜ਼ੂ ਬਣਾਇਆ ਲਗਦਾ ਹੈ।

ਦਿਲ ਦਾ ਪੰਛੀ ਅਜੀਬ ਹੈ ਪੰਛੀ,
ਇਹ ਹਮੇਸ਼ਾਂ ਤਿਹਾਇਆ ਲਗਦਾ ਹੈ।

ਤੈਨੂੰ ਭੁੱਲਿਆ ਨਹੀਂ ਹਾਂ 'ਇਕਵਿੰਦਰ,
ਤੂੰ ਤਾਂ ਭਾਵੇਂ ਭੁਲਾਇਆ ਲਗਦਾ ਹੈ।

***



# ਗ਼ਮ ਹੁੰਦੇ

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਮੇਲਿਆਂ ਵਿਚ ਦੁਕਾਨਾਂ ਵਰਗੇ!

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਰੇਤਲੀਆਂ ਚੱਟਾਨਾਂ ਵਰਗੇ!

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਊਂਘਦਿਆਂ ਦਰਬਾਨਾਂ ਵਰਗੇ!

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਜ਼ੰਗਾਲੀ ਕਿਰਪਾਨਾਂ ਵਰਗੇ!

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਖੇਤਾਂ ਵਿੱਚ ਮਚਾਨਾਂ ਵਰਗੇ!

ਗ਼ਮ ਹੁੰਦੇ ਮਹਿਮਾਨਾਂ ਵਰਗੇ!
ਵਕਤੀ ਕਬਰਿਸਤਾਨਾਂ ਵਰਗੇ!

ਕੀ ਮੇਰੇ ਅਰਮਾਨ ਨਹੀਂ ਸਨ?
'ਇਕਵਿੰਦਰ' ਅਰਮਾਨਾਂ ਵਰਗੇ!

***

## ਮੁਸਕਰਾਉਂਦੇ ਰਿਹਾ ਕਰੋ

ਮੁਸਕਰਾਉਂਦੇ ਰਿਹਾ ਕਰੋ ਯਾਰੋ!
ਗੁਣਗੁਣਾਉਂਦੇ ਰਿਹਾ ਕਰੋ ਯਾਰੋ!

ਅਪਣੇ ਦਿਲ ਦੇ ਵਿਸ਼ਾਲ ਕੈਨਵਸ 'ਤੇ,
ਕੁਛ ਬਣਾਉਂਦੇ ਰਿਹਾ ਕਰੋ ਯਾਰੋ!

ਗ਼ਮ ਤਾਂ ਆਉਂਦੇ ਹੀ ਜਾਂਦੇ ਰਹਿੰਦੇ ਨੇ,
ਮੁਸਕਰਾਉਂਦੇ ਰਿਹਾ ਕਰੋ ਯਾਰੋ!

ਇਹ ਜੱਗ ਚਹੁੰ ਦਿਨਾਂ ਦਾ ਮੇਲਾ ਹੈ,
ਇਹ ਮਨਾਉਂਦੇ ਰਿਹਾ ਕਰੋ ਯਾਰੋ!

ਚਾਹੇ ਹੋਵੇ ਨਾ ਯਾਦ ਪੂਰਾ ਹੀ,
ਗੀਤ ਗਾਉਂਦੇ ਰਿਹਾ ਕਰੋ ਯਾਰੋ!

ਜਿਸ ਤਰ੍ਹਾਂ ਮਿਲਣ ਨੂੰ ਅੱਜ ਆਏ ਹੋ,
ਇੰਜ ਆਉਂਦੇ ਰਿਹਾ ਕਰੋ ਯਾਰੋ!

ਰੋਜ਼ ਹੋਲੀ ਸਮਝ ਕੇ 'ਇਕਵਿੰਦਰ',
ਰੰਗ ਪਾਉਂਦੇ ਰਿਹਾ ਕਰੋ ਯਾਰੋ!

***



## ਲੋਕੀਂ ਮੈਨੂੰ ਘੂਰਨ ਬਾਬਾ

ਲੋਕੀਂ ਮੈਨੂੰ ਘੂਰਨ ਬਾਬਾ!
ਮੈਂ ਕਿਹੜਾ ਸੰਪੂਰਨ ਬਾਬਾ?

ਹਜ਼ਮ ਕਰਾਂ ਦੁਨੀਆ ਦੇ ਮਿਹਣੇ,
ਦੇਹ ਕੋਈ ਐਸਾ ਚੂਰਨ ਬਾਬਾ!

ਲੂਣਾ-ਲੂਣਾ ਚਾਰ ਚੁਫ਼ੇਰੇ,
ਕੋਈ-ਕੋਈ ਪੂਰਨ ਬਾਬਾ!

ਚਾਰ ਕੁ ਅੱਖਰ ਪੜ੍ਹ ਕੇ ਲੋਕੀਂ,
ਅਖਵਾਉਂਦੇ ਸੰਪੂਰਨ ਬਾਬਾ!

ਆਪੇ ਲੋਕੀਂ ਨਹਿਰਾਂ ਪੁੱਟਣ,
ਆਪੇ ਨਹਿਰਾਂ ਪੂਰਨ ਬਾਬਾ!

ਤੇਰੇ ਦਰ 'ਤੇ ਜੋ ਆਉਂਦਾ ਹੈ,
ਆਉਂਦਾ ਹੈ ਮਜਬੂਰਨ ਬਾਬਾ!

ਸੱਚੀ ਗੱਲ ਕਰੇ ਤਾਂ ਲੋਕੀਂ,
'ਇਕਵਿੰਦਰ' ਨੂੰ ਘੂਰਨ ਬਾਬਾ!

***

# ਅੱਜ ਸਜਣਾ ਹੈ

ਅੱਜ ਸਜਣਾ ਹੈ ਗ਼ਜ਼ਲ ਦਰਬਾਰ ਅੱਖਾਂ 'ਤੇ!
ਸਾਰੇ ਗ਼ਜ਼ਲਾਂ ਪੜ੍ਹਨਗੇ ਛਨਕਾਰ ਅੱਖਾਂ 'ਤੇ!

ਆਪ ਤਾਂ ਨਾਜ਼ੁਕ ਬੜੇ ਹੋ ਮੈਂ ਹਮੇਸ਼ਾਂ ਸੋਚਦਾਂ,
ਸੁਪਨਿਆਂ ਦਾ ਚੁੱਕਦੇ ਹੋ ਕਿੰਜ ਭਾਰ ਅੱਖਾਂ 'ਤੇ!

ਆਸ਼ਕਾਂ ਦੇ ਬਚਣ ਦਾ ਹੁਣ ਕੋਈ ਰਸਤਾ ਨਾ ਰਿਹਾ,
ਉਹ ਟਿਕਾਉਣਾ ਸਿੱਖਦੇ ਤਲਵਾਰ ਅੱਖਾਂ 'ਤੇ!

ਦਿਲ ਦੇ ਵਿਹੜੇ ਵਿਚ ਤੁਸੀਂ ਤਸ਼ਰੀਫ਼ ਤਾਂ ਰੱਖੋ ਜ਼ਰਾ,
ਮੈਂ ਬਿਠਾ ਕੇ ਰੱਖਾਂਗਾ ਸਰਕਾਰ ਅੱਖਾਂ 'ਤੇ!

ਦਿਲ ਨੇ ਕਿੰਨਾ ਰੋਕਿਆ ਤੇ ਦਿਲ ਨੇ ਕਿੰਨਾ ਟੋਕਿਆ,
ਮੈਂ ਵੀ ਆਖ਼ਰ ਕਰ ਲਿਆ ਇਤਬਾਰ ਅੱਖਾਂ 'ਤੇ!



ਆਪ ਮੇਰੇ ਸਾਹਮਣੇ ਹੋ ਛੂਹ ਕੇ ਵੀ ਮੈਂ ਦੇਖਿਆ,
ਹੋ ਨਹੀਂ ਮੈਨੂੰ ਰਿਹਾ ਇਤਬਾਰ ਅੱਖਾਂ 'ਤੇ!

ਇਸਦੀ ਖ਼ਾਤਿਰ ਪੁਰਖਿਆਂ ਨੇ ਕੀਤੀਆਂ ਕੁਰਬਾਨੀਆਂ,
ਚੁੰਮ ਕੇ ਰੱਖੀਏ ਨਾ ਕਿਉਂ ਦਸਤਾਰ ਅੱਖਾਂ 'ਤੇ!

ਮੈਂ ਜਦੋਂ ਤੱਕਿਆ ਉਨ੍ਹਾਂ ਨੂੰ ਮੇਰੀ ਰਚਨਾ ਪੜ੍ਹਦਿਆਂ,
ਸੰਗਦਿਆਂ ਧਰ ਲਈ ਉਨ੍ਹਾਂ ਅਖ਼ਬਾਰ ਅੱਖਾਂ 'ਤੇ!

ਨਿਤ-ਨਿਤ ਪੁਆੜੇ ਪੈ ਰਹੇ ਨੇ ਸੋਹਣਿਆਂ ਨੈਣਾਂ ਦੇ ਹੁਣ,
ਟੈਕਸ ਲਾ ਦੇਵੇ ਨਾ ਇਹ ਸਰਕਾਰ ਅੱਖਾਂ 'ਤੇ!

ਕਿਸ ਤਰ੍ਹਾਂ ਦਾ ਆ ਗਿਆ ਹੈ ਵਕਤ 'ਇਕਵਿੰਦਰ' ਬੁਰਾ?
ਲੋਕ ਹੁਣ ਕਰਦੇ ਨਹੀਂ ਇਤਬਾਰ ਅੱਖਾਂ 'ਤੇ!

***

# ਚਮਨ ਦੀ ਉਦਾਸੀ

ਚਮਨ ਦੀ ਉਦਾਸੀ ਨਹੀਂ ਦੇਖ ਸਕਦਾ!
ਮੈਂ ਤਿਤਲੀ ਪਿਆਸੀ ਨਹੀਂ ਦੇਖ ਸਕਦਾ!

ਨਹੀਂ ਦੇਖ ਸਕਦਾ ਮੈਂ ਤੇਰੀ ਉਦਾਸੀ,
ਮੈਂ ਤੇਰੀ ਉਦਾਸੀ ਨਹੀਂ ਦੇਖ ਸਕਦਾ!

ਜੋ ਅੱਜ ਕੱਲ੍ਹ ਚਮਨ ਵਿਚ ਛਾਈ ਹੋਈ ਏ,
ਮੈਂ ਇਹ ਬਦਹਵਾਸੀ ਨਹੀਂ ਦੇਖ ਸਕਦਾ!

ਜੋ ਵਿਛੜਨ 'ਤੇ ਤੇਰੇ ਇਹ ਬਣਿਆ ਹੈ ਮੰਜ਼ਰ,
ਇਹ ਮੈਨੂੰ ਪਤਾ ਸੀ ਨਹੀਂ ਦੇਖ ਸਕਦਾ!

ਨਹੀਂ ਦੇਖ ਸਕਦਾ ਮੈਂ ਪਿਆਸਾ ਸਮੁੰਦਰ,
ਮੈਂ ਧਰਤੀ ਇਹ ਪਿਆਸੀ ਨਹੀਂ ਦੇਖ ਸਕਦਾ!



ਉਹਦਾ ਨਾਚ-ਗਾਣਾ ਨਾ ਮੈਨੂੰ ਦਿਖਾਓ,
ਕਿ ਮੈਂ ਦੇਵ-ਦਾਸੀ ਨਹੀਂ ਦੇਖ ਸਕਦਾ!

ਨਹੀਂ ਰੋਕ ਸਕਦਾ ਮੈਂ ਅਪਣੇ ਇਹ ਅੱਥਰੂ,
ਮੈਂ ਹਿੰਦਸਾ ਚੁਰਾਸੀ ਨਹੀਂ ਦੇਖ ਸਕਦਾ!

ਜੋ ਚੁੱਕੀ ਹੈ ਫਿਰਦਾ ਉਧਾਰਾ ਮੁਕੱਦਰ,
ਮੈਂ ਐਸਾ ਨਿਵਾਸੀ ਨਹੀਂ ਦੇਖ ਸਕਦਾ!

ਨਹੀਂ ਦੇਖ ਸਕਦਾ ਮੈਂ ਊਣੀ ਸੁਰਾਹੀ,
ਮੈਂ ਤਿੜਕੀ ਗਿਲਾਸੀ ਨਹੀਂ ਦੇਖ ਸਕਦਾ!

ਮੈਂ ਦੁਨੀਆਂ ਦੇ ਅੰਦਰ ਭੁੱਖਾ-ਪਿਆਸਾ,
ਕੋਈ ਵੀ ਨਿਵਾਸੀ ਨਹੀਂ ਦੇਖ ਸਕਦਾ!

***

## ਝੂਠੀਆਂ ਕਲਮਾਂ

ਝੂਠੀਆਂ ਕਲਮਾਂ ਸਿਆਹੀਆਂ ਝੂਠੀਆਂ!
ਵਿਕਦੀਆਂ ਅੱਜਕੱਲ ਗਵਾਹੀਆਂ ਝੂਠੀਆਂ!

ਸੱਧਰਾਂ ਲੋਕਾਂ ਵਿਆਹੀਆਂ ਝੂਠੀਆਂ!
ਪੈ ਗਈਆਂ ਨੇ ਬੇ-ਵਿਸਾਹੀਆਂ ਝੂਠੀਆਂ!

ਬੁਲਬੁਲਾਂ ਮਿਲਕੇ ਇਹੋ ਕੀਤੀ ਦੁਆ,
ਯਾ-ਖ਼ੁਦਾ ਬਣ ਜਾਣ ਫਾਹੀਆਂ ਝੂਠੀਆਂ!

ਖੁੱਲ੍ਹੀਆਂ ਛੁੱਟੀਆਂ ਤੂੰ ਦੇ ਕੇ ਗ਼ੈਰ ਨੂੰ,
ਥੋਪੀਆਂ ਸਾਨੂੰ ਮਨਾਹੀਆਂ ਝੂਠੀਆਂ!

ਤੂੰ ਜਿਨ੍ਹਾਂ ਉੱਪਰ ਬਹੁਤ ਕਰਦੈਂ ਗ਼ਰੂਰ,
ਰਾਜਿਆ! ਇਹ ਰਾਜ-ਸ਼ਾਹੀਆਂ ਝੂਠੀਆਂ!

ਛਣਕਦੇ ਸਿੱਕਿਆਂ ਨੂੰ ਪਾ ਕੇ ਜੇਬ ਵਿਚ,
ਲਿਖ ਲਈਆਂ ਰਪਟਾਂ ਸਿਪਾਹੀਆਂ ਝੂਠੀਆਂ!



ਦੇ ਰਿਹਾ ਹੋਕਾ ਗਲ਼ੀ ਵਿਚ ਇਕ ਫ਼ਕੀਰ,
ਬਾਦਸ਼ਾਹੀਆਂ-ਸ਼ਹਿਨਸ਼ਾਹੀਆਂ ਝੂਠੀਆਂ!

ਭਰ ਲਏ ਸਰਕਾਰ ਤੋਂ ਘਰ ਆਪਣੇ,
ਦੱਸ ਕੇ ਲੋਕੀਂ ਤਬਾਹੀਆਂ ਝੂਠੀਆਂ!

ਲੱਗ ਗਈ ਹੈ ਅੱਗ ਵਫ਼ਾ ਦੇ ਸ਼ਹਿਰ ਨੂੰ,
ਗੱਲਾਂ ਫੈਲਾਈਆਂ ਨੇ ਰਾਹੀਆਂ ਝੂਠੀਆਂ!

ਸੁੱਕਦੇ ਫੁੱਲਾਂ ਦਾ ਦਿਲ ਪਰਚਾਉਣ ਨੂੰ,
ਬਦਲ਼ੀਆਂ ਮਾਲੀ ਨੇ ਲਾਹੀਆਂ ਝੂਠੀਆਂ!

ਹੁਣ ਨਹੀਂ ਇਹਨਾਂ ਦੇ ਵਿਚ ਕੋਈ ਸਰੂਰ,
ਸਾਕੀਆ! ਤੇਰੀਆਂ ਸੁਰਾਹੀਆਂ ਝੂਠੀਆਂ!

ਤੈਨੂੰ 'ਇਕਵਿੰਦਰ' ਸਜ਼ਾ ਵੱਟ 'ਤੇ ਪਈ,
ਭੁਗਤ ਗਈਆਂ ਨੇ ਗਵਾਹੀਆਂ ਝੂਠੀਆਂ!

***

# ਯਾਦ ਉਸਦੀ ਨੂੰ

ਯਾਦ ਉਸਦੀ ਨੂੰ ਸਲਾਮ ਹੋ ਗਿਆ!
ਰਾਤ ਭਰ ਦਾ ਇੰਤਜ਼ਾਮ ਹੋ ਗਿਆ!

ਮੇਰਾ ਦਿਲ ਛੋਟਾ ਜਿਹਾ ਸੀ ਦੋਸਤੋ!
ਹੁਣ ਤਾਂ ਦੁੱਖਾਂ ਦਾ ਗ਼ੁਦਾਮ ਹੋ ਗਿਆ!

ਸਾਕੀਆ! ਤੈਨੂੰ ਮਿਲਾਂਗੇ ਕੱਲ੍ਹ ਨੂੰ,
ਅੱਜ ਦਾ ਤਾਂ ਇੰਤਜ਼ਾਮ ਹੋ ਗਿਆ!

ਦੇਖਕੇ ਤੇਰੇ ਲਬਾਂ ਦੀ ਤਾਜ਼ਗੀ,
ਤੇਰਾ ਤਾਂ ਗੁਲਸ਼ਨ ਗ਼ੁਲਾਮ ਹੋ ਗਿਆ!

ਮਰ ਗਈ ਤਹਿਜ਼ੀਬ ਹੁਣ ਤਾਂ ਜੱਗ ਦੀ,
ਹਰ ਬਸ਼ਰ ਹੀ ਬਦ-ਕਲਾਮ ਹੋ ਗਿਆ!



ਹੁਸਨ ਹੀ ਹੋਇਆ ਨਹੀਂ ਹੈ ਅੱਜਕੱਲ੍ਹ,
ਇਸ਼ਕ ਵੀ ਹੁਣ ਬੇ-ਲਗ਼ਾਮ ਹੋ ਗਿਆ!

ਜਾਪਦਾ ਮੈਨੂੰ ਹੈ ਏਦਾਂ ਹਿਜਰ ਵਿਚ,
ਵਕਤ ਦਾ ਪਹੀਆ ਹੀ ਜਾਮ ਹੋ ਗਿਆ!

ਹੁਸਨ ਤੇ ਜਦ ਇਸ਼ਕ ਹੋਏ ਸਾਹਮਣੇ,
ਲਬ ਨਹੀਂ ਖੁੱਲ੍ਹੇ ਕਲਾਮ ਹੋ ਗਿਆ!

ਕੱਲ੍ਹ ਜੋ ਪੀਂਦਾ ਸੀ ਸਾਡੇ ਨਾਲ ਹੀ,
ਅੱਜ ਉਹ ਸ਼ਾਹੀ ਇਮਾਮ ਹੋ ਗਿਆ!

ਹੁਣ ਕੋਈ ਚਾਰਾ ਹੀ 'ਇਕਵਿੰਦਰ' ਨਹੀਂ,
ਮੇਰਾ ਦਿਲ ਹੁਣ ਬੇ-ਲਗ਼ਾਮ ਹੋ ਗਿਆ!

***

# ਮੁਹੱਬਤ ਬਿਨਾਂ ਜ਼ਿੰਦਗੀ

ਮੁਹੱਬਤ ਬਿਨਾਂ ਜ਼ਿੰਦਗੀ ਹੈ ਅਧੂਰੀ!
ਮੁਹੱਬਤ ਬਿਨਾਂ ਹਰ ਖ਼ੁਸ਼ੀ ਹੈ ਅਧੂਰੀ!

ਇਹ ਅਪਣੇ ਮੁਬਾਰਕ ਕਦਮ ਆਕੇ ਪਾਓ,
ਕਿ ਹਰ ਫੁੱਲ ਦੀ ਤਾਜ਼ਗੀ ਹੈ ਅਧੂਰੀ!

ਕਦੇ ਪਿਆਰ ਕਰਨਾ ਕਦੇ ਹੈ ਝਗੜਨਾ,
ਕਿ ਇਸਤੋਂ ਬਿਨਾਂ ਦੋਸਤੀ ਹੈ ਅਧੂਰੀ!

ਨਹੀਂ ਉਸਦੀ ਦਰਗਾਹ 'ਚ ਘੜਿਆਲ ਖੜਕੇ,
ਕਿ ਸ਼ਾਇਦ ਮੇਰੀ ਬੰਦਗੀ ਹੈ ਅਧੂਰੀ!

ਤੁਸੀਂ ਆ ਗਏ ਹੋ ਤਾਂ ਮਹਿਫ਼ਿਲ ਸਜੇਗੀ,
ਤੁਹਾਡੇ ਬਿਨਾਂ ਮੈਅਕਸ਼ੀ ਹੈ ਅਧੂਰੀ!

ਜਦੋਂ ਤੱਕ ਨ੍ਹੀਂ ਤੁਸੀਂ ਬੁੱਲ੍ਹੀਆਂ ਛੁਹਾਉਂਦੇ,
ਉਦੋਂ ਤਕ ਮੇਰੀ ਬੰਸਰੀ ਹੈ ਅਧੂਰੀ!



ਹਜ਼ਾਰਾਂ ਹੀ ਨਦੀਆਂ ਨੂੰ ਸਾਗਰ ਨੇ ਪੀਤਾ,
ਕਿ ਉਸ ਦੀ ਤਿਸ਼ਨਗੀ ਹੈ ਅਧੂਰੀ!

ਜਦੋਂ ਤਕ ਉਹ ਸਾਗਰ 'ਚ ਮਿਲਦੀ ਨਹੀਂ ਹੈ,
ਕਿ ਓਨਾ ਸਮਾਂ ਹਰ ਨਦੀ ਹੈ ਅਧੂਰੀ!

ਨਾ ਦੇਖੋ ਘੜੀ ਵਸਲ ਦੀ ਇਸ ਘੜੀ ਵਿਚ,
ਕਿ ਹਾਲੇ ਮੇਰੀ ਦਿਲਲਗੀ ਹੈ ਅਧੂਰੀ!

ਅਜੇ ਰਾਤ-ਰਾਣੀ ਨੇ ਖਿੜਨਾ ਨਹੀਂ ਹੈ,
ਅਜੇ ਚੰਦ ਦੀ ਚਾਂਦਨੀ ਹੈ ਅਧੂਰੀ!

ਸੁਣਾਵਾਂ ਕਿਵੇਂ ਆਪ ਨੂੰ 'ਇਕਵਿੰਦਰ'?
ਕਿ ਹਾਲੇ ਗ਼ਜ਼ਲ ਮੈਂ ਕਹੀ ਹੈ ਅਧੂਰੀ!

ਨਾ ਉਸਤਾਦ ਮੈਨੂੰ ਕਹੋ 'ਇਕਵਿੰਦਰ',
ਕਿ ਹਾਲੇ ਮੇਰੀ ਸ਼ਾਇਰੀ ਹੈ ਅਧੂਰੀ!

***

## ਗੁਲਾਬੀ ਹਵਾ ਹੈ

ਗੁਲਾਬੀ ਹਵਾ ਹੈ, ਸ਼ਰਾਬੀ ਹਵਾ ਹੈ!
ਇਹ ਤੇਰੇ ਗਿਰਾਂ ਦੀ ਨਵਾਬੀ ਹਵਾ ਹੈ!

ਚਲੋ! ਇਸ ਨੂੰ ਉਸਦੇ ਘਰ ਛੱਡ ਕੇ ਆਈਏ,
ਬਹੁਤ ਹੋ ਗਈ ਇਹ ਸ਼ਰਾਬੀ ਹਵਾ ਹੈ!

ਕਿ ਕੱਲ੍ਹ ਤੱਕ ਨਹੀਂ ਜਿਸ ਨੂੰ ਆਉਂਦਾ ਸੀ ਊੜਾ,
ਕਿ ਉਹ ਬਣ ਗਈ ਹੁਣ ਕਿਤਾਬੀ ਹਵਾ ਹੈ!

ਜਦੋਂ ਵੀ ਕਦੇ ਅਪਣੀ ਆਈ 'ਤੇ ਆਵੇ,
ਬਹੁਤ ਹੀ ਇਹ ਕਰਦੀ ਖ਼ਰਾਬੀ ਹਵਾ ਹੈ!

ਇਹ ਰੁੱਸਦੀ ਹੈ ਦੋ ਦਿਨ, ਇਹ ਮੰਨਦੀ ਹੈ ਦੋ ਦਿਨ,
ਬੜੀ ਹੀ ਹਿਸਾਬੀ-ਕਿਤਾਬੀ ਹਵਾ ਹੈ!

ਇਹ ਖ਼ੁਸ਼-ਕਿਸਮਤੀ ਹੈ ਤੇਰੇ ਗਿਰਾਂ ਵਿਚ,
ਹਮੇਸ਼ਾਂ ਹੀ ਵਗਦੀ ਰਬਾਬੀ ਹਵਾ ਹੈ।

ਕਰੀਂ ਵਾਰ ਇਸ 'ਤੇ ਨਾ ਤੂੰ 'ਇਕਵਿੰਦਰ',
ਗ਼ਜ਼ਬ ਵਾਰ ਕਰਦੀ ਜਵਾਬੀ ਹਵਾ ਹੈ!

***



## ਘੋਰ ਉਦਾਸੀ

ਘੋਰ ਉਦਾਸੀ ਬੂਹੇ ਅੱਗੇ।
ਸਾਡੇ ਘਰ ਦੀ ਭੇਤਣ ਲੱਗੇ।

ਇਸ ਮੰਜ਼ਿਲ 'ਤੇ ਪਹੁੰਚ ਗਿਆਂ ਮੈਂ,
ਹਰ ਇਕ ਬੂਹਾ ਤੇਰਾ ਲੱਗੇ।

ਦੀਵਾਰਾਂ ਤਾਂ ਦੀਵਾਰਾਂ ਹਨ,
ਹਰ ਚਿਹਰਾ ਵਿਗਿਆਪਨ ਲੱਗੇ।

ਪਿੱਛੇ ਸੀ ਜੋ ਮੰਦਰ ਦੇ ਵਿੱਚ,
ਮੈਖ਼ਾਨੇ ਵਿਚ ਸਭ ਤੋਂ ਅੱਗੇ।

ਤੇਰੀ ਯਾਦ ਜਦੋਂ ਵੀ ਆਉਂਦੀ,
ਸੁੰਨਾ ਘਰ ਵੀ ਭਰਿਆ ਲੱਗੇ।

'ਇਕਵਿੰਦਰ' ਇਹ ਕਿਹੜਾ ਮੌਸਮ?
ਧੁੱਪ ਵੀ ਲੱਗੇ, ਛਾਂ ਵੀ ਲੱਗੇ।

***

# ਪਿਆਰ ਜਿਸ ਦੇ ਕਰੀਬ

ਪਿਆਰ ਜਿਸ ਦੇ ਕਰੀਬ ਹੁੰਦਾ ਏ।
ਉਹ ਬੜਾ ਖ਼ੁਸ਼ਨਸੀਬ ਹੁੰਦਾ ਏ।

ਜਿਸ ਦਾ ਕੋਈ ਨਾ ਹਮ-ਸਫ਼ਰ ਹੁੰਦਾ,
ਉਹ ਬੜਾ ਬਦ-ਨਸੀਬ ਹੁੰਦਾ ਏ।

ਨਾ ਕੋਈ ਰੰਗ ਨਾ ਸਮਾਂ ਉਸ ਦਾ,
ਹਾਦਸਾ ਵੀ ਅਜੀਬ ਹੁੰਦਾ ਏ!

ਜਦ ਵੀ ਆਉਂਦੈ ਉਹ ਬੇਵਫ਼ਾ ਚੇਤੇ,
ਦਰਦ ਦਿਲ ਦੇ ਕਰੀਬ ਹੁੰਦਾ ਏ।

ਵਕਤ ਪੈਂਦਾ ਤਾਂ ਹੈ ਪਤਾ ਲਗਦਾ,
ਕੌਣ ਕਿਸ ਦੇ ਕਰੀਬ ਹੁੰਦਾ ਏ।



ਯਾਦ ਆਉਂਦੈ ਉਹ ਬੇ-ਵਫ਼ਾ ਜਦ ਵੀ,
ਦਰਦ ਦਿਲ ਦੇ ਕਰੀਬ ਹੁੰਦਾ ਏ!

ਧੁੱਪ ਕਿਸੇ ਨੂੰ ਕਿਸੇ ਨੂੰ ਛਾਂ ਮਿਲਦੀ,
ਅਪਣਾ-ਅਪਣਾ ਨਸੀਬ ਹੁੰਦਾ ਏ।

ਜਦ ਮੈਂ ਉਹਨਾਂ ਦੀ ਪੈਰ-ਚਾਪ ਸੁਣਦਾਂ,
ਦਿਲ 'ਚ ਕੁਛ-ਕੁਛ ਅਜੀਬ ਹੁੰਦਾ ਏ!

ਬਹੁਤ ਮਿਲਦੇ ਨੇ ਦੋਸਤ ਸਭ ਨੂੰ,
ਕੋਈ-ਕੋਈ ਹਬੀਬ ਹੁੰਦਾ ਏ।

ਦੋ ਘੁੱਟ ਲਾਉਂਦਿਆਂ ਸਾਰ ਹੀ 'ਇਕਵਿੰਦਰ',
ਹਰ ਬਸ਼ਰ ਹੀ ਅਦੀਬ ਹੁੰਦਾ ਏ।

***

## ਠੰਡਾ ਸਾਗਰ

ਠੰਡਾ ਸਾਗਰ ਤਪਦੀ ਰੇਤ।
ਉੱਪਰ ਵ਼ਾਲਾ ਜਾਣੇ ਭੇਤ।

ਇਹ ਕੀ ਹੋਇਆ ਅਚਨ-ਅਚੇਤ?
ਅਗਨੀ ਉਗਲਣ ਲੱਗੇ ਖੇਤ।

ਸਾਰੇ ਲੋਕੀਂ ਰਹਿਣ ਸੁਚੇਤ।
ਆਦਮ-ਖਾਣੇ ਫਿਰਨ ਪ੍ਰੇਤ।

ਭੁੱਲੜ ਲੋਕੀਂ ਪਾਉਣ ਹਮੇਸ਼,
ਸੂਰਜ ਤੇ ਵੀ ਤਪਦੀ ਰੇਤ।

ਮਰਨਾ ਉਸਦਾ ਮਰਨਾ ਯਾਰ!
ਜੋ ਮਰਦਾ ਲੋਕਾਈ ਹੇਤ।

ਮੁਸਕਾਨਾਂ ਨੂੰ ਬੀਜੋ ਯਾਰ!
ਹੋ ਨਾ ਜਾਵੇ ਹੋਰ ਪਛੇਤ।



ਪਲ-ਪਲ ਫੈਲੀ ਜਾਂਦੇ ਸ਼ਹਿਰ,
ਪਲ-ਪਲ ਸੁੰਗੜੀ ਜਾਂਦੇ ਖੇਤ।

ਅੱਖੀਆਂ ਵਿੱਚੋਂ ਪੜ੍ਹ ਲੈ ਯਾਰ!
ਜੋ ਹੈ ਦਿਲ ਦੇ ਅੰਦਰ ਭੇਤ।

'ਇਕਵਿੰਦਰ' ਕੀ ਪਛਤਾਉਣਾ?
ਚਿੜੀਆਂ ਨੇ ਜਦ ਚੁਗਿਆ ਖੇਤ।

'ਇਕਵਿੰਦਰ' ਕਦ ਸੰਭਲਣਗੇ?
ਵਾੜਾਂ ਹੱਥੋਂ ਖਾਧੇ ਖੇਤ।

'ਇਕਵਿੰਦਰ' ਹੈ ਨਖ਼ਲਿਸਤਾਨ,
ਚਾਰੇ ਪਾਸੇ ਰੇਤੋਂ-ਰੇਤ।

***

# ਇਹ ਉਲਫ਼ਤ ਦੀ ਗਲੀ

ਇਹ ਉਲਫ਼ਤ ਦੀ ਗਲੀ ਵਿਚ ਪੈਰ ਰੱਖੇ।
ਮੇਰੇ ਦਿਲ ਦੀ ਖ਼ੁਦਾ ਹੁਣ ਖ਼ੈਰ ਰੱਖੇ!

ਇਹ ਬੜਿਆਂ-ਬੜਿਆਂ ਦੇ ਵਿਚ ਪੈਰ ਰੱਖੇ!
ਮੇਰੇ ਦਿਲ ਦੀ ਖ਼ੁਦਾ ਹੁਣ ਖ਼ੈਰ ਰੱਖੇ।

ਮੈਂ ਇੱਥੇ ਪਿਆਰ ਦੀ ਪਾਈ ਪਨੀਰੀ,
ਕਿਆਰੀ ਵਿਚ ਨਾ ਕੋਈ ਪੈਰ ਰੱਖੇ।

ਉਹ ਥੋੜ੍ਹਾ-ਥੋੜ੍ਹਾ ਦਿਲ ਵਿਚ ਪਿਆਰ ਰੱਖਦਾ,
ਉਹ ਥੋੜ੍ਹਾ-ਥੋੜ੍ਹਾ ਦਿਲ ਵਿਚ ਵੈਰ ਰੱਖੇ।

ਜਿਵੇਂ ਅਪਣੇ ਹੀ ਹੁਣ ਰੱਖਦੇ ਨੇ ਦਿਲ ਵਿਚ,
ਇਵੇਂ ਨਾ ਦੁਸ਼ਮਣੀ ਕੋਈ ਗ਼ੈਰ ਰੱਖੇ!



ਜ਼ਮਾਨੇ ਨੇ ਬੜੇ ਕੰਡੇ ਬਖੇਰੇ,
ਕੋਈ ਕਿੱਥੇ ਭਲਾ ਹੁਣ ਪੈਰ ਰੱਖੇ?

ਅਜਬ ਪਾਗਲ ਹਵਾ ਵਗਦੀ ਪਈ ਹੈ,
ਖ਼ੁਦਾ ਮੇਰੇ ਚਮਨ ਦੀ ਖ਼ੈਰ ਰੱਖੇ।

ਇਹ ਤਰਲਾ ਹੈ ਕਈ ਦੀਵਾਨਿਆਂ ਦਾ,
ਕਿ ਉਹ ਚਾਲੂ ਸਦਾ ਹੀ ਸੈਰ ਰੱਖੇ!

ਬੜੀ ਤਿਲਕਣ ਮੁਹੱਬਤ ਦੀ ਗਲੀ ਵਿਚ,
ਬੜਾ ਸੰਭਲਕੇ ਕੋਈ ਪੈਰ ਰੱਖੇ!

ਘਰੋਂ ਬੇ-ਘਰ ਹੋਈ ਪਾਗ਼ਲ ਘਟਾ ਨੂੰ,
ਕੋਈ ਅਪਣਾ ਨਾ ਕੋਈ ਗ਼ੈਰ ਰੱਖੇ!

***

# ਜੀਵਨ ਦਾ ਸਮਤੋਲ

ਜੀਵਨ ਦਾ ਸਮਤੋਲ ਗੁਆਚਾ ਹੋਇਆ ਹੈ।
ਅਪਣੀ ਹੀ ਛਾਂ ਕੋਲ ਗੁਆਚਾ ਹੋਇਆ ਹੈ।

ਅਣ-ਦਿਸਦਾ ਜਿੰਦਰਾ ਏ ਹਰ ਇਕ ਦੇ ਲਬ 'ਤੇ,
ਹਰ ਬੰਦੇ ਦਾ ਬੋਲ ਗੁਆਚਾ ਹੋਇਆ ਹੈ।

ਲੱਭਦਾ ਫਿਰਦਾ ਹਾਂ ਮੈਂ ਉਸ ਨੂੰ ਥਾਂ-ਥਾਂ 'ਤੇ,
ਇਕ ਮੌਸਮ ਅਨਭੋਲ ਗੁਆਚਾ ਹੋਇਆ ਹੈ।

ਦੇਖਣ ਨੂੰ ਤਾਂ ਖ਼ੂਬ ਨਿਭਾਈ ਜਾਂਦੇ ਹਾਂ,
ਸਾਥੋਂ ਸਾਡਾ ਰੋਲ ਗੁਆਚਾ ਹੋਇਆ ਹੈ।

ਰਾਹਾਂ ਵਿੱਚੋਂ ਜਿਸ ਨੂੰ ਲੱਭਦਾ ਫਿਰਦਾ ਹਾਂ,
ਇਕ ਹੀਰਾ ਅਨਮੋਲ ਗੁਆਚਾ ਹੋਇਆ ਹੈ।

ਮੇਲੇ ਵਿੱਚੋਂ ਦਿਸਦਾ ਨਹੀਂਓਂ 'ਇਕਵਿੰਦਰ',
ਮੇਲੇ ਵਿੱਚੋਂ ਢੋਲ ਗੁਆਚਾ ਹੋਇਆ ਹੈ।

***



# ਉਹ ਗੁਲਸ਼ਨ 'ਚ ਆਏ

ਉਹ ਗੁਲਸ਼ਨ 'ਚ ਆਏ ਸਵੇਰੇ-ਸਵੇਰੇ।
ਕਦਮ ਚੁੰਮ ਹਵਾਏ ਸਵੇਰੇ-ਸਵੇਰੇ।

ਉਦ੍ਹਾ ਅਕਸ ਦਿਲ 'ਤੇ ਰਹੇ ਸ਼ਾਮ ਤੀਕਰ,
ਨਜ਼ਰ ਜੋ ਵੀ ਆਏ ਸਵੇਰੇ-ਸਵੇਰੇ।

ਸਵੇਰੇ-ਸਵੇਰੇ ਉਹ ਜਦ ਵੀ ਦਿਸੇ ਨੇ,
ਕਦਮ ਡਗਮਗਾਏ ਸਵੇਰੇ-ਸਵੇਰੇ।

ਜਿਨ੍ਹਾਂ ਨੇ ਸੁਕਾਇਆ ਸੀ ਰਾਤੀਂ ਸਮੁੰਦਰ,
ਉਹ ਲੋਕੀਂ ਤਿਹਾਏ ਸਵੇਰੇ-ਸਵੇਰੇ।

ਜਿਨ੍ਹੇ ਰਾਤ ਅੱਖੀਆਂ 'ਚੋਂ ਅੱਖੀਆਂ ਨਾ ਕੱਢੀਆਂ,
ਉਹ ਅੱਖ ਨਾ ਮਿਲਾਏ ਸਵੇਰੇ-ਸਵੇਰੇ।

ਉਹ ਉਸ ਵਕਤ ਮਿਲਦੇ ਨੇ ਸੁਪਨੇ 'ਚ ਮੈਨੂੰ,
ਕੋਈ ਨਾ ਜਗਾਏ ਸਵੇਰੇ-ਸਵੇਰੇ।

ਉਹ ਹੈ ਕੌਣ ਫੁੱਲਾਂ 'ਚ ਛੁਪਕੇ ਜੋ ਮੇਰੀ?
ਗ਼ਜ਼ਲ ਗੁਣਗੁਣਾਏ ਸਵੇਰੇ-ਸਵੇਰੇ।

ਮੁਹੱਬਤ ਦਾ ਪਿਆਰਾ ਸਬਕ 'ਇਕਵਿੰਦਰ,'
ਸਦਾ ਯਾਦ ਆਏ ਸਵੇਰੇ-ਸਵੇਰੇ।

***

# ਅੱਜ ਅਪਣੇ ਜ਼ਿਹਨ ਦੀ

ਅੱਜ ਅਪਣੇ ਜ਼ਿਹਨ ਦੀ ਅੰਨ੍ਹੀ ਗਲੀ ਵੇਖੀ ਏ ਮੈਂ।
ਨੇਜ਼ਿਆਂ ਅੰਦਰ ਘਿਰੀ ਹਰ ਇਕ ਕਲੀ ਵੇਖੀ ਏ ਮੈਂ।

ਰੋਜ਼ ਅਪਣੇ ਆਪ ਦੀ ਦੇ ਕੇ ਬਲੀ ਵੇਖੀ ਏ ਮੈਂ।
ਹੋਰ ਅਪਣੇ ਹਾਣ ਦੀ ਜ਼ਖ਼ਮੀ ਤਲੀ ਵੇਖੀ ਏ ਮੈਂ।

ਵੇਲ ਸੁੱਕੇ ਰੁੱਖ ਦੇ ਗਿਰਦੇ ਵਲੀ ਵੇਖੀ ਏ ਮੈਂ।
ਰਾਤ ਅਪਣੇ ਖ਼੍ਵਾਬ ਵਿਚ ਬਿਰਹੋਂ ਜਲੀ ਵੇਖੀ ਏ ਮੈਂ।

ਹੁਣ ਤੁਸੀਂ ਕਹਿੰਦੇ ਹੋ ਕਿੱਧਰੇ ਗੁੰਮ ਗਈ ਏ ਸ਼ਾਂਤੀ?
ਕੁਝ ਸਮਾਂ ਪਹਿਲਾਂ ਅਜੇ ਚੰਗੀ-ਭਲੀ ਵੇਖੀ ਏ ਮੈਂ।

ਨਾ ਕਿਸੇ ਗੱਭਰੂ ਨੇ ਲਾਈ ਹੇਕ ਹੀ ਮੇਲੇ ਦੇ ਵਿਚ,
ਨਾ ਕਿਸੇ ਦੇ ਹੱਥ ਦੇ ਵਿਚ ਵੰਝਲੀ ਵੇਖੀ ਏ ਮੈਂ।

ਕਿਸ਼ਤੀਆਂ ਨੂੰ, ਚੱਪੂਆਂ ਨੂੰ ਪੁੱਛਦੇ ਫਿਰਦੇ ਹੋ ਕਿਉਂ?
ਸ਼ਾਮ ਇਕ ਟਾਪੂ ਦੀ ਬੁੱਕਲ ਵਿਚ ਢਲੀ ਵੇਖੀ ਏ ਮੈਂ।

ਕੁਝ ਸਮਾਂ ਪਹਿਲਾਂ ਤਾਂ 'ਇਕਵਿੰਦਰ' ਸੀ ਉਹ ਪੂਣੀ ਜਹੀ,
ਹੁਣ ਉਹ ਬਦਲ਼ੀ ਚੁਲਬਲੀ ਤੇ ਮਨਚਲੀ ਵੇਖੀ ਏ ਮੈਂ।

***



# ਹਰ ਕੋਈ ਜਿਸ ਤੋਂ ਚਿਹਰਾ

ਹਰ ਕੋਈ ਜਿਸ ਤੋਂ ਚਿਹਰਾ ਲੈ ਕੇ ਟੰਗਦਾ ਸੀ।
ਉਹ ਅੱਜ ਮੈਥੋਂ ਮੇਰਾ ਚਿਹਰਾ ਮੰਗਦਾ ਸੀ।

ਕਾਲਰ 'ਤੇ ਜੋ ਰੋਜ਼ ਨਵਾਂ ਫੁੱਲ ਟੰਗਦਾ ਸੀ।
ਰੁੱਤ ਆਈ ਤਾਂ ਖ਼ੁਸ਼ਬੂ ਕੋਲੋਂ ਸੰਗਦਾ ਸੀ।

ਅਣਗੌਲ਼ੇ ਵਿਗਿਆਪਨ ਵਾਂਗੂ ਬਿਖਰ ਗਿਆ,
ਖੰਭਿਆਂ ਉੱਪਰ ਜੋ ਵਿਗਿਆਪਨ ਟੰਗਦਾ ਸੀ।

ਸ਼ਹਿਰ 'ਚ ਆਪਾਂ ਸਿਰ 'ਤੇ ਕੱਟੀ ਸਿਖ਼ਰ ਦੁਪਹਿਰ,
ਹਰ ਰੁੱਖ ਅਪਣੀ ਛਾਂ ਦੀ ਕੀਮਤ ਮੰਗਦਾ ਸੀ।

ਰੋਂਦੇ ਟੱਬਰ, ਜ਼ਖ਼ਮੀ ਪਿੰਡੇ, ਖੰਡਰ ਸ਼ਹਿਰ,
ਕਿੰਨਾ ਦਰਦ ਨਜ਼ਾਰਾ ਪਿਛਲੀ ਜੰਗ ਦਾ ਸੀ!

ਅੱਜਕੱਲ੍ਹ ਉਹ ਦਰਿਆ ਅਖਵਾਉਂਦੈ 'ਇਕਵਿੰਦਰ',
ਦਰ-ਦਰ ਤੋਂ ਜੋ ਇਕ-ਇਕ ਤੁਪਕਾ ਮੰਗਦਾ ਸੀ।

***

# ਗੂੜ੍ਹੀ-ਗੂੜ੍ਹੀ ਹੋਈ ਜਾਂਦੀ

ਗੂੜ੍ਹੀ-ਗੂੜ੍ਹੀ ਹੋਈ ਜਾਂਦੀ ਸ਼ਾਮ ਸਾਕੀਆ!
ਕਿੱਥੇ ਹੈ ਸੁਰਾਹੀ ਕਿੱਥੇ ਜਾਮ ਸਾਕੀਆ?

ਮੈਨੂੰ ਤੂੰ ਬਣਾ ਦੇ ਇਕ ਜਾਮ ਸਾਕੀਆ!
ਮਿੱਤਰਾਂ-ਪਿਆਰਿਆਂ ਦੇ ਨਾਮ ਸਾਕੀਆ!

ਏਦਾਂ ਦਾ ਪਿਲਾ ਦੇ ਕੋਈ ਜਾਮ ਸਾਕੀਆ!
ਭੁੱਲ ਜਾਵਾਂ ਦਰਦਾਂ ਦਾ ਨਾਮ ਸਾਕੀਆ!

ਪੀਣ ਵਾਲੇ ਵੱਧ, ਥੋੜ੍ਹੇ ਜਾਮ ਸਾਕੀਆ!
ਬੜਾ ਭੈੜਾ ਤੇਰਾ ਇੰਤਜ਼ਾਮ ਸਾਕੀਆ!

ਠਹਿਰ ਜਾ ਫੜਾ ਨਾ ਹਾਲੇ ਜਾਮ ਸਾਕੀਆ!
ਘੋਲਦੇ ਤੂੰ ਹਾਸਾ ਸੌ ਗਰਾਮ ਸਾਕੀਆ!

ਊਣਾ-ਊਣਾ ਰੱਖਦਾ ਏਂ ਜਾਮ ਸਾਕੀਆ!
ਤਾਹੀਓਂ ਹੋਇਆ ਹੈਂ ਤੂੰ ਬਦਨਾਮ ਸਾਕੀਆ!

ਰੰਗਲਾ ਦਿਖਾ ਦੇ ਤੂੰ ਮੁਕਾਮ ਸਾਕੀਆ!
ਅੱਜ ਦੀ ਹੈ ਸ਼ਾਮ ਤੇਰੇ ਨਾਮ ਸਾਕੀਆ!



ਕਦੀ-ਕਦੀ ਹੁੰਦੀ ਐਸੀ ਸ਼ਾਮ ਸਾਕੀਆ!
ਨੈਣਾਂ 'ਚੋਂ ਪਿਲਾ ਦੇ ਇਕ ਜਾਮ ਸਾਕੀਆ!

ਜਾਮ ਦਾ ਵਧਾਵੇਂ ਰੋਜ਼ ਦਾਮ ਸਾਕੀਆ!
ਤੈਨੂੰ ਹੁਣ ਦੂਰੋਂ ਹੀ ਸਲਾਮ ਸਾਕੀਆ!

ਰੰਗਲੀ ਬਣਾ ਦੇ ਅੱਜ ਸ਼ਾਮ ਸਾਕੀਆ,
ਤੂੰਹੀਓਂ ਟਕਰਾ ਲੈ ਅੱਜ ਜਾਮ ਸਾਕੀਆ!

"ਮੀਰ" ਦਾ ਸੁਣਾ ਦੇ ਕਲਾਮ ਸਾਕੀਆ,
ਗੱਲ ਤੇਰੇ ਵਾਸਤੇ ਇਹ ਆਮ ਸਾਕੀਆ!

ਥੱਕੇ-ਥੱਕੇ ਨੈਣ ਤੈਨੂੰ ਇਹੋ ਗੱਲ ਕਹਿਣ,
ਘੜੀ ਭਰ ਕਰ ਤੂੰ ਆਰਾਮ ਸਾਕੀਆ।

ਹੋਸ਼ ਵਿੱਚ ਕਰ ਤੂੰ ਕਲਾਮ ਸਾਕੀਆ,
ਅਸੀਂ ਨਹੀਓਂ ਤੇਰੇ ਹਾਂ ਗ਼ੁਲਾਮ ਸਾਕੀਆ!

ਸਾਨੂੰ ਕਹਿਨਾਂ ਪੀਣੀ ਏ ਹਰਾਮ ਸਾਕੀਆ,
ਗ਼ੈਰਾਂ ਨਾਲ ਪੀਵੇ ਸ਼ਰ੍ਹੇਆਮ ਸਾਕੀਆ।

***

# ਕਰ ਹੀ ਦਿਉ ਖਾਂ

ਕਰ ਹੀ ਦਿਉ ਖਾਂ ਅਪਣੇ ਬੀਮਾਰ ਦੀ ਤ੍ਰਿਪਤੀ।
ਬੱਸ! ਹੈ ਤੁਸਾਂ 'ਤੇ ਨਿਰਭਰ ਦੀਦਾਰ ਦ੍ਰੀ ਤ੍ਰਿਪਤੀ।

ਬੂਹਾ ਹੈ ਖਿੜਕੀਆਂ ਨੇ, ਥਾਂ-ਥਾਂ ਤੇ ਨੇ ਝਰੋਖੇ,
ਫਿਰ ਵੀ ਨਹੀਂ ਹੈ ਦਿਲ ਦੀ ਦੀਦਾਰ ਦੀ ਤ੍ਰਿਪਤੀ।

ਸਰਬੰਸ ਵਾਰ ਦਿੱਤਾ 'ਗੋਬਿੰਦ ਸਿੰਘ ਜੀ' ਨੇ,
ਕੀਤੀ ਉਨ੍ਹਾਂ ਨੇ ਏਦਾਂ ਤਲਵਾਰ ਦੀ ਤ੍ਰਿਪਤੀ।

ਕਿੰਨੇ ਵੀ ਜ਼ੁਲਮ ਢਾਓ, ਕਿੰਨੇ ਭਰਮ ਵੀ ਪਾਓ,
ਹੱਕਾਂ ਬਿਨਾਂ ਨਾ ਹੋਣੀ ਹੱਕਦਾਰ ਦੀ ਤ੍ਰਿਪਤੀ।

ਥੋੜ੍ਹਾ ਕੁ ਹੋਰ ਠਹਿਰੋ! ਥੋੜ੍ਹਾ ਕੁ ਹੋਰ ਠਹਿਰੋ!!
ਹੋਈ ਨਹੀਂ ਹੈ ਹਾਲੇ ਗੁਲਜ਼ਾਰ ਦੀ ਤ੍ਰਿਪਤੀ।

ਦਿੱਤੇ ਨੇ ਸੀਸ ਲੋਕਾਂ ਦਿੱਤੀ ਹੈ ਜਾਨ ਤੱਕ ਵੀ,
ਖ਼ਬਰੇ ਕਿਵੇਂ ਹੈ ਹੋਣੀ ਸਰਕਾਰ ਦੀ ਤ੍ਰਿਪਤੀ।

ਆਸ਼ਾ ਦੇ ਬਾਝ ਜੀਵਨ ਏਦਾਂ ਹੈ 'ਇਕਵਿੰਦਰ',
ਖ਼ਬਰਾਂ ਦੇ ਬਾਝ ਜਿੱਦਾਂ ਅਖ਼ਬਾਰ ਦੀ ਤ੍ਰਿਪਤੀ।

***



# ਲੱਭਦੇ ਫਿਰਨ ਨਜ਼ਾਰੇ

ਲੱਭਦੇ ਫਿਰਨ ਨਜ਼ਾਰੇ ਤੈਨੂੰ।
ਹਰ ਮੌਸਮ ਸਤਿਕਾਰੇ ਤੈਨੂੰ।

ਸੂਰਜ ਸੈਣਤ ਮਾਰੇ ਤੈਨੂੰ।
ਤਾਰੇ ਕਰਨ ਇਸ਼ਾਰੇ ਤੈਨੂੰ।

ਲੱਭਦੇ ਤਖ਼ਤ ਹਜਾਰੇ ਤੈਨੂੰ,
ਲੱਭਦੇ ਚੰਨ ਸਿਤਾਰੇ ਤੈਨੂੰ।

ਪਿਆਰ-ਮੁਹੱਬਤ ਕੁਰਸੀ ਮਿਲਦੀ,
ਸਰਕਾਰੇ-ਦਰਬਾਰੇ ਤੈਨੂੰ।

ਦਿਲ ਇਹ ਵਾਜਾਂ ਮਾਰੇ ਤੈਨੂੰ!
ਹੁਸਨ ਦੀਏ ਸਰਕਾਰੇ ਤੈਨੂੰ!

ਸਾਨੂੰ ਵੀ ਤੂੰ ਕਰਦੇ ਮਿਸ਼ਰੀ,
ਕਹਿੰਦੇ ਸਾਗਰ ਖ਼ਾਰੇ ਤੈਨੂੰ।

ਉਹਦੀ ਸ਼ਾਮਤ ਆਵੇ ਜਿਹੜਾ,
ਭੁੱਲ ਕੇ ਵੀ ਲਲਕਾਰੇ ਤੈਨੂੰ।

ਬਾਹਾਂ ਫੈਲਾ ਕੇ 'ਇਕਵਿੰਦਰ',
ਦਿਲ ਸੱਦਦਾ ਹੈ ਪਿਆਰੇ ਤੈਨੂੰ।

***

## ਇਨਸਾਫ਼ ਮੰਗਦਾਂ ਤਾਂ

ਇਨਸਾਫ਼ ਮੰਗਦਾਂ ਤਾਂ ਤਲਵਾਰ ਨਿਕਲਦੀ ਏ।
ਮੇਰੇ ਹੀ ਘਰ 'ਚ ਸਭ ਦੀ ਦੀਵਾਰ ਨਿਕਲਦੀ ਏ।

ਪਹਿਲਾਂ ਤਾਂ ਨਿਕਲਦੀ ਸੀ ਦੇ ਕੇ ਖ਼ਬਰ ਉਹ ਪਹਿਲਾਂ,
ਕਿਉਂ ਛੁਪ-ਛੁਪਾ ਕੇ ਅੱਜਕੱਲ੍ਹ ਸਰਕਾਰ ਨਿਕਲਦੀ ਏ?

ਦਿਲ ਵਿਚ ਉਤਾਰਿਆ ਹੈ ਇਕ ਰਾਗਣੀ ਨੂੰ ਜਦ ਤੋਂ,
ਮੇਰੇ ਹਰੇਕ ਸਾਹ 'ਚੋਂ ਝਨਕਾਰ ਨਿਕਲਦੀ ਏ।

ਜਿੱਥੇ ਸਿਖਾਇਆ ਜਾਂਦਾ ਪੈਰਾਂ 'ਤੇ ਹੈ ਖਲੋਣਾ,
ਕਿਉਂ ਭੀੜ ਉੱਥੋਂ ਹੋ ਕੇ ਸਿਰ ਭਾਰ ਨਿਕਲਦੀ ਏ।

ਦੁਨੀਆ ਨੂੰ ਦੱਸਦਾ ਹੈ ਹੁਸ਼ਿਆਰ ਹੋ ਕੇ ਜੋ ਵੀ,
ਦੁਨੀਆ ਵੀ ਹੋਰ ਉਸ ਤੋਂ ਹੁਸ਼ਿਆਰ ਨਿਕਲਦੀ ਏ।

ਵਿਹੜੇ ਦੇ ਵਿਚ ਬਹਿਕੇ ਲੈ ਯਾਰ ਤੂੰ ਨਜ਼ਾਰਾ,
ਏਦਾਂ ਦੀ ਧੁੱਪ ਕਿੱਥੇ ਹਰ ਵਾਰ ਨਿਕਲਦੀ ਏ?

***



## ਤਰਕ-ਸੰਗਤ

ਤਰਕ ਸੰਗਤ ਇਹ ਤਰਕ ਲਗਦਾ ਹੈ।
ਹੁਣ ਮੁਹੱਬਤ 'ਚ ਫ਼ਰਕ ਲਗਦਾ ਹੈ।

ਪਹਿਲਾਂ ਵਾਂਗਰਾ ਹੀ ਗਲ਼ ਨੂੰ ਚਿੰਬੜੇ ਹੋ,
ਉੱਨੀ-ਇੱਕੀ ਦਾ ਫ਼ਰਕ ਲਗਦਾ ਹੈ।

ਥਾਂ-ਥਾਂ ਬਣਦੀ ਹੈ ਬਰਫ਼ੀ ਉਲਫ਼ਤ ਦੀ,
ਟਾਵੀਂ-ਟਾਵੀਂ 'ਤੇ ਵਰਕ ਲਗਦਾ ਹੈ।

ਜਦ ਤੋਂ ਬੈਠੇ ਹੋ ਮੇਰੇ ਬਿਸਤਰ 'ਤੇ,
ਕੁਛ ਤਬੀਅਤ 'ਚ ਫ਼ਰਕ ਲਗਦਾ ਹੈ।

ਜਿਸ ਨੂੰ ਕਹਿੰਦੇ ਹੋ ਬਿੱਗ ਬੌਸ ਤੁਸੀਂ,
ਉਹ ਤਾਂ ਬੰਦਾ ਕਲਰਕ ਲਗਦਾ ਹੈ।

ਉਂਜ ਹੀ ਬਣਦੀ ਨਹੀਂ ਗ਼ਜ਼ਲ ਯਾਰੋ;
ਖ਼ੂਨ ਲਗਦਾ ਹੈ-ਅਰਕ ਲਗਦਾ ਹੈ।

ਹੁਣ ਤਾਂ ਮੈਨੂੰ ਹਰੇਕ ਬੰਦੇ ਦੇ,
ਦਿਲ ਦੇ ਪੱਲਿਆਂ 'ਚ ਫ਼ਰਕ ਲਗਦਾ ਹੈ।

ਤੇਰੇ ਗੁਲਸ਼ਨ 'ਚ ਹੁਣ ਤਾਂ 'ਇਕਵਿੰਦਰ',
ਹਰ ਪਰਿੰਦਾ ਸਤਰਕ ਲਗਦਾ ਹੈ।

***

# ਬੇ-ਵਜ੍ਹਾ ਦੇਨਾ

ਬੇ-ਵਜ੍ਹਾ ਦੇ ਨਾ ਤੂੰ ਸਲਾਹ ਮੈਨੂੰ।
ਕਰ ਨਾ ਦੇਵੀਂ ਦਿਲਾ! ਤਬਾਹ ਮੈਨੂੰ।

ਮੈਂ ਸਮਝਦਾ ਹਾਂ ਤੇਰੀ ਮਜਬੂਰੀ,
ਤੱਕ ਲੈ ਭਰਕੇ ਤੂੰ ਇਕ ਨਿਗਾਹ ਮੈਨੂੰ।

ਮੇਰੇ ਵਰਗੇ ਫ਼ਕੀਰ ਨਈਂ ਮਿਲਦੇ,
ਰੋਜ਼ ਮਿਲਦੇ ਨੇ ਬਾਦਸ਼ਾਹ ਮੈਨੂੰ।

ਮੈਂ ਹਜ਼ਾਰਾਂ ਦਾ ਸਾਖ਼ਸ਼ੀ ਬਣਿਆ,
ਕੋਈ ਮਿਲਦਾ ਨਹੀਂ ਗਵਾਹ ਮੈਨੂੰ।

ਮੈਂ ਗੁਨਾਹਗਾਰ ਹਾਂ ਮੁਹੱਬਤ ਦਾ,
ਲੋਕ ਕਹਿੰਦੇ ਨੇ ਬੇ-ਗੁਨਾਹ ਮੈਨੂੰ।

ਤੇਰੇ ਬਾਝੋਂ ਇਹ ਮੇਰਾ ਆਲਮ ਹੈ,
ਤਾਰਾ-ਤਾਰਾ ਦਿਸੇ ਸਿਆਹ ਮੈਨੂੰ।

ਬਾਂਹ ਫੜਦੇ ਨਹੀਂ ਹਨ ਜਦ ਅਪਣੇ,
ਸ਼ਬਦ ਦਿੰਦੇ ਨੇ ਤਦ ਪਨਾਹ ਮੈਨੂੰ।

ਤੈਨੂੰ ਇਕ ਦਿਨ ਇਹ ਔਖ ਹੋਣੀ ਏਂ,
ਪਿਆਰ ਕਰ ਨਾ ਤੂੰ ਬੇ-ਪਨਾਹ ਮੈਨੂੰ।



ਮੈਨੂੰ ਐਵੇਂ ਨਾ ਲਾਓ ਹੱਥ-ਕੜੀਆਂ,
ਮੇਰਾ ਦੱਸੋ ਤਾਂ ਸਹੀ ਗੁਨਾਹ ਮੈਨੂੰ?

ਮੈਨੂੰ ਸਾਰਾ ਜਹਾਨ ਤੱਕੇਗਾ,
ਉਸ ਦੀ ਤੱਕੇ ਜੇ ਇਕ ਨਿਗਾਹ ਮੈਨੂੰ।

ਜੇ ਤੂੰ ਮੈਨੂੰ ਦਿਲੋਂ ਭੁਲਾਇਆ ਹੈ,
ਯਾਦ ਆਵੀਂ ਨਾ ਖ਼ਾਹ-ਮ-ਖ਼ਾਹ ਮੈਨੂੰ।

ਕੋਈ ਉਹਨਾਂ ਦਾ ਥਹੁ ਨਹੀਂ ਲੱਭਦਾ,
ਕਰਨਾ ਚਾਹੁੰਦੇ ਸੀ ਜੋ ਤਬਾਹ ਮੈਨੂੰ।

ਜੇ ਤੂੰ ਮੈਨੂੰ ਨਾ ਆਸਰਾ ਦੇਣਾ,
ਕੌਣ ਦੇਵੇ ਭਲਾ ਪਨਾਹ ਮੈਨੂੰ?

ਮੈਨੂੰ ਏਨਾ ਯਕੀਨ ਹੈ ਖ਼ੁਦ ਉੱਤੇ,
ਡੋਬ ਸਕਦੇ ਨਹੀਂ ਮਲਾਹ ਮੈਨੂੰ।

ਉਸਦਾ ਹੱਕਦਾਰ ਤੂੰ ਏਂ 'ਇਕਵਿੰਦਰ',
ਇਹ ਜੋ ਮਿਲਦੀ ਹੈ ਵਾਹ-ਵਾਹ ਮੈਨੂੰ।

ਸ਼ੱਕ ਕੋਈ ਨਹੀਂ ਹੈ ਇਹ 'ਇਕਵਿੰਦਰ',
ਪਿਆਰ ਕਰਦੈਂ ਤੂੰ ਬੇ-ਪਨਾਹ ਮੈਨੂੰ।

***

## ਦਿਲ ਮੇਰਾ ਮੈਥੋਂ

ਦਿਲ ਮੇਰਾ ਮੈਥੋਂ ਤੇਰੇ ਘਰ ਦਾ ਪਤਾ ਮੰਗਦਾ ਏ।
ਬੇ-ਵਜ੍ਹਾ ਹੀ ਜਗ ਰਿਹਾ ਦੀਵਾ ਹਵਾ ਮੰਗਦਾ ਏ।

ਜੋ ਵਫ਼ਾ ਕਰਦਾ ਏ ਉਹ ਸਭ ਤੋਂ ਵਫ਼ਾ ਮੰਗਦਾ ਏ।
ਉਹ ਦੁਆ ਕਰਦਾ ਏ ਤਾਂ ਸਭ ਦਾ ਭਲਾ ਮੰਗਦਾ ਏ।

ਹੁਸਨ ਅਣ-ਵਰਤੇ ਹੋਏ ਨਖ਼ਰੇ-ਅਦਾ ਮੰਗਦਾ ਏ।
ਇਸ਼ਕ ਅਣ-ਕੀਤੇ ਗੁਨਾਹਾਂ ਦੀ ਸਜ਼ਾ ਮੰਗਦਾ ਏ।

ਅੱਜ ਨਹੀਂ ਤਾਂ ਕੱਲ੍ਹ ਲਾਟਾਂ ਤੋਂ ਪਤਾ ਲੱਗ ਜਾਏਗਾ,
ਬਿਜਲੀਆਂ ਦਾ ਕਾਫ਼ਲਾ ਕਿਸ ਦੀ ਕਜ਼ਾ ਮੰਗਦਾ ਏ।

ਤੇਰਿਆਂ ਨਕਸ਼ਾਂ ਦੀ ਉਸ ਨੂੰ ਲੋੜ ਡਾਢੀ ਪੈ ਗਈ,
ਇਸ ਲਈ ਫੋਟੋ ਤੇਰੀ ਮੁੜ-ਮੁੜ ਖ਼ੁਦਾ ਮੰਗਦਾ ਏ?

ਇਕ ਦਿਨ ਵਿਚ ਹੀ ਉਹ ਹੁਣ ਕਿੰਨਾ ਬਦਲਿਆ ਆਦਮੀ,
ਕੱਲ੍ਹ ਜੋ ਧੁੱਪ ਮੰਗਦਾ ਸੀ ਅੱਜ ਉਹ ਘਟਾ ਮੰਗਦਾ ਏ।

ਜਿਸ 'ਚ 'ਇਕਵਿੰਦਰ' ਗ਼ਜ਼ਲ ਤੇਰੀ ਹੈ ਅੱਜ ਛਾਈ ਹੋਈ,
ਹਰ ਕੋਈ ਅਖ਼ਬਾਰ ਦਾ ਉਹੀਓ ਸਫ਼ਾ ਮੰਗਦਾ ਏ।

ਪਿਆਰ ਨਾ ਸੌਦਾ ਏ, ਨਾ ਵਿਉਪਾਰ ਏ, ਨਾ ਵਣਜ ਹੀ,
ਪਿਆਰ ਵਿਚ ਨਾਦਾਨ 'ਇਕਵਿੰਦਰ' ਨਫ਼ਾ ਮੰਗਦਾ ਏ।

***



## ਤਾਣਾ-ਬਾਣਾ

ਤਾਣਾ-ਬਾਣਾ ਫ਼ਕੀਰ ਹੈ ਸਾਡਾ।
ਦਿਲ ਬੜਾ ਹੀ ਅਮੀਰ ਹੈ ਸਾਡਾ।

ਇਸਨੂੰ ਤੋੜੋ-ਮਰੋੜੋ ਜਾਂ ਜੋੜੋ,
ਦਿਲ ਤੁਹਾਡਾ ਸਰੀਰ ਹੈ ਸਾਡਾ।

ਰੱਖੋ ਸਾਥੋਂ ਪਰ੍ਹੇ ਇਹ ਸਰਕਾਰਾਂ,
ਹਰ ਪਰਿੰਦਾ ਵਜ਼ੀਰ ਹੈ ਸਾਡਾ।

ਉੱਥੇ-ਉੱਥੇ ਹੀ ਖਿੜ ਪਏ ਗੁਲਸ਼ਨ,
ਜਿੱਥੇ-ਜਿੱਥੇ ਖ਼ਮੀਰ ਹੈ ਸਾਡਾ।

ਦਿੱਲੀ ਕਹਿੰਦੀ ਲਾਹੌਰ ਨੂੰ ਅਕਸਰ,
ਸ਼ਿਵ[1] ਤੁਹਾਡਾ ਮੁਨੀਰ[2] ਹੈ ਸਾਡਾ।

ਘਰ ਤੁਹਾਡੇ ਨੇ ਬੋਟ ਜਿਸ ਦੇ,
ਉਹ ਪਰਿੰਦਾ ਸਫ਼ੀਰ ਹੈ ਸਾਡਾ।

***

---

*1. ਸ਼ਿਵ ਕੁਮਾਰ*
*2. ਮੁਨੀਰ ਨਿਆਜ਼ੀ*

## ਦੋ ਘੜੀ ਥਲ 'ਤੇ

ਦੋ ਘੜੀ ਥਲ 'ਤੇ ਖਲੋਣਾ ਪੈ ਗਿਆ।
ਬਦਲੀਆਂ ਨੂੰ ਦਰਦ ਢੋਣਾ ਪੈ ਗਿਆ।

ਕਿਸ਼ਤੀਆਂ ਜਦ ਡੋਲੀਆਂ ਮੰਝਧਾਰ ਵਿਚ,
ਬਾਦਬਾਨਾਂ ਨੂੰ ਡੁਬੋਣਾ ਪੈ ਗਿਆ।

ਵਾਦੀਆਂ ਵਿਚ ਗੂੰਜਦੀ ਆਵਾਜ਼ ਨੂੰ,
ਗੁੰਬਦਾਂ ਵਿਚ ਕੈਦ ਹੋਣਾ ਪੈ ਗਿਆ।

ਉਗਲਿਆ ਸੋਨਾ ਨਾ ਹਾਲੇ ਧਰਤ ਨੇ,
ਖ਼ਾਕ ਦੇ ਵਿਚ ਖ਼ਾਕ ਹੋਣਾ ਪੈ ਗਿਆ।

ਝੀਲ ਉੱਤੇ ਹੋ ਗਿਆ ਰੁੱਤ ਦਾ ਸਰਾਪ,
ਸਿਮਟ ਕੇ ਇਕ ਬੂੰਦ ਹੋਣਾ ਪੈ ਗਿਆ।

ਕੌਣ ਗੰਦਾ ਜ਼ਿਹਨ ਲੈ ਕੇ ਲੰਘਿਐ,
ਅੰਗ-ਅੰਗ ਸੜਕਾਂ ਨੂੰ ਧੋਣਾ ਪੈ ਗਿਆ।

ਉਹ ਜਦੋਂ ਨਿਕਲੇ ਤਾਂ ਸਾਰੀ ਧਰਤ ਨੂੰ,
ਦਿਨ ਖੜ੍ਹੇ ਸੂਰਜ ਡੁਬੋਣਾ ਪੈ ਗਿਆ।

***



## ਤੈਨੂੰ ਪਸੰਦ ਸੂਰਜ

ਤੈਨੂੰ ਪਸੰਦ ਸੂਰਜ।
ਤਾਹੀਓਂ ਬੁਲੰਦ ਸੂਰਜ।

ਮੈਨੂੰ ਪਸੰਦ ਧੁੱਪਾਂ,
ਤੈਨੂੰ ਪਸੰਦ ਸੂਰਜ।

ਰਿਸ਼ਮਾਂ ਦੇ ਨਾਲ ਪਾਵੇ,
ਦੁੱਖਾਂ ਦੀ ਤੰਦ ਸੂਰਜ।

ਕਿੱਦਾਂ ਦਾ ਵਕਤ ਆਇਆ?
ਦਿਸਦੇ ਨਾ ਚੰਦ-ਸੂਰਜ।

ਹੋਇਆ ਨਾ ਹੋ ਸਕੇਗਾ,
ਮੁੱਠੀਆਂ 'ਚ ਬੰਦ ਸੂਰਜ।

ਪ੍ਰਮਾਣੂਆਂ ਦੇ ਕਰਕੇ,
ਹੈ ਫ਼ਿਕਰਮੰਦ ਸੂਰਜ।

ਜਦ ਤੱਕ ਹੈ ਪਿਆਰ ਸਾਡਾ,
ਚਮਕਣਗੇ ਚੰਦ-ਸੂਰਜ।

***

## ਫੁੱਲਾਂ ਨੂੰ ਹੱਥ ਨਿਕਲੇ

ਫੁੱਲਾਂ ਨੂੰ ਹੱਥ ਨਿਕਲੇ ਕਲੀਆਂ ਨੂੰ ਪੈਰ ਨਿਕਲੇ।
ਮਾਲੀ ਦੇ ਨਾਲ ਪਿਛਲੇ ਜਨਮਾਂ ਦੇ ਵੈਰ ਨਿਕਲੇ।

ਦੇਖੇ ਤਾਂ ਜਾਂਦੇ ਸਭ ਨੇ ਦਸ-ਦਸ ਸਿਰਾਂ ਦੇ ਮਾਲਕ,
ਉਸ ਦੀ ਗਲੀ 'ਚੋਂ ਸਾਰੇ ਸਿਰ ਦੇ ਬਗ਼ੈਰ ਨਿਕਲੇ।

ਜਿਨ੍ਹਾਂ ਦੇ ਕੋਲ ਲਿਖਤੀ ਡਿਗਰੀ ਸੀ ਤੈਰਨੇ ਦੀ,
ਡੁੱਬੇ ਉਹ ਸਭ ਤੋਂ ਪਹਿਲਾਂ ਬਾਕੀ ਸੀ ਤੈਰ ਨਿਕਲੇ।

ਕਾਗ਼ਜ਼ ਦੀ ਤੇਗ਼ ਲੈ ਕੇ ਆ ਜਾਓ! ਰਣ ਦੇ ਅੰਦਰ,
ਦਿਲ ਵਿੱਚ ਹੈ ਜਿੰਨਾ ਰੱਖਿਆ ਸਾਰਾ ਹੀ ਵੈਰ ਨਿਕਲੇ।

ਮੁਸ਼ਕਿਲ ਦੇ ਵਿੱਚ ਸ਼ੀਸ਼ਾ ਹੁਣ ਸਾਫ਼ ਹੋ ਗਿਆ ਹੈ,
ਲਗਦੇ ਸੀ ਜਿਹੜੇ ਅਪਣੇ ਉਹੀਓ ਹੀ ਗ਼ੈਰ ਨਿਕਲੇ।

ਮੰਜ਼ਿਲ ਜ਼ਰੂਰ ਸਾਡੇ ਆਵੇਗੀ ਪਾਸ, ਜਿਸ ਦਿਨ,
ਪੈਰਾਂ ਨੂੰ ਹੱਥ ਨਿਕਲੇ ਹੱਥਾਂ ਨੂੰ ਪੈਰ ਨਿਕਲੇ।

***



## ਬਿਨ ਸੋਚੇ ਦਿਲ

ਬਿਨ ਸੋਚੇ ਦਿਲ ਲਾਇਆ ਮੈਂ ਵੀ।
ਦਿਲ ਦਾ ਚੈਨ ਗੁਆਇਆ ਮੈਂ ਵੀ।

ਲੋਕਾਂ ਵਾਂਗੂ ਖ਼ਾਬ ਸਜਾ ਕੇ,
ਔਖਾ ਵਕਤ ਲੰਘਾਇਆ ਮੈਂ ਵੀ।

ਚਾਨਣ ਤੱਕ ਹੀ ਸਾਥ ਨਿਭਾਉਂਦਾ,
ਪਰਖ ਲਿਆ ਹਮਸਾਇਆ ਮੈਂ ਵੀ!

ਅਪਣੇ ਸਿਰ ਨਾ ਸਿਹਰਾ ਬੰਨ੍ਹੋ,
ਸੂਰਜ ਨੂੰ ਵਰਚਾਇਆ ਮੈਂ ਵੀ।

ਬਿਰਖਾਂ ਵਾਂਗਰ ਪੱਤਝੜ ਮਗਰੋਂ,
ਸੌ-ਸੌ ਸ਼ੁਕਰ ਮਨਾਇਆ ਮੈਂ ਵੀ।

'ਇਕਵਿੰਦਰ' ਨਾ ਸੱਚੋਂ ਮੁੜਿਆ,
ਸੌ ਵਾਰੀ ਸਮਝਾਇਆ ਮੈਂ ਵੀ।

***

## ਇਹ ਚਮਨ

ਇਹ ਚਮਨ ਮੇਰੀ ਜਾਨ ਕਰਕੇ ਹੈ!
ਕਹਿਕਸ਼ਾਂ ਆਸਮਾਨ ਕ਼ਰਕੇ ਹੈ!

ਸਾਰੇ ਕਮਰੇ ਤਾਂ ਵੰਡੇ ਬਾਪੂ ਨੇ,
ਹੁਣ ਤਾਂ ਝਗੜਾ ਦਲਾਨ ਕਰਕੇ ਹੈ!

ਤੇਰੇ ਬਰਤਾਨੀਆਂ 'ਚ ਖ਼ੁਸ਼ਹਾਲੀ,
ਮੇਰੇ ਹਿੰਦੋਸਤਾਨ ਕਰਕੇ ਹੈ!

ਹਰ ਕੋਈ ਪਾਏ ਮੈਨੂੰ ਗਲ਼ਵਕੜੀ,
ਮੇਰੀ ਮਿੱਠੀ ਜ਼ੁਬਾਨ ਕਰਕੇ ਹੈ!

ਪੈਰ ਜੋ ਲੜਖੜਾਉਂਦੇ ਨੇ,
ਇਹ ਸਫ਼ਰ ਦੀ ਥਕਾਨ ਕਰਕੇ ਹੈ।

ਸਾਰੀ ਦੁਨੀਆ ਨੂੰ ਜਲਨ 'ਇਕਵਿੰਦਰ',
ਮੇਰੀ ਵੱਖਰੀ ਉੜਾਨ ਕਰਕੇ ਹੈ!

ਇਹ ਬਗਾਵਤ ਦਾ ਧੂੰਆਂ 'ਇਕਵਿੰਦਰ',
ਹਰ ਕਦਮ 'ਤੇ ਲਗਾਨ ਕਰਕੇ ਹੈ!

***



## ਸਜਦਾ ਏ ਰੋਜ਼

ਸਜਦਾ ਏ ਰੋਜ਼ ਹੁਸਨ ਦਾ ਬਾਜ਼ਾਰ ਸ਼ਾਮ ਨੂੰ।
ਹੁੰਦਾ ਏ ਰੋਜ਼ ਇਸ਼ਕ ਦਾ ਵਿਉਪਾਰ ਸ਼ਾਮ ਨੂੰ।

ਦੋਸਤੋ! ਇਹ ਨਾ ਕਰੋ ਬੇਕਾਰ ਸ਼ਾਮ ਨੂੰ।
ਚੰਗੀ ਨਹੀਂ ਇਹ ਹੁੰਦੀ ਤਕਰਾਰ ਸ਼ਾਮ ਨੂੰ।

ਕੱਲ੍ਹ ਨੂੰ ਮੈਂ ਫੇਰ ਆਣਕੇ ਵੰਡਾਂਗਾ ਰੌਸ਼ਨੀ,
ਸੂਰਜ ਇਹ ਕਰਕੇ ਜਾਂਦਾ ਇਕਰਾਰ ਸ਼ਾਮ ਨੂੰ,

'ਅਵਧ' ਦੀਆਂ ਸ਼ਾਮਾਂ ਤੁਸੀਂ ਭੁੱਲ ਜਾਓਗੇ,
ਜੇ ਸਾਡੇ ਨਾਲ ਬੈਠੋ ਇਕ ਵਾਰ ਸ਼ਾਮ ਨੂੰ,

ਮੁੜ ਜਾ ਤੂੰ 'ਇਕਵਿੰਦਰ' ਅਰਜ਼ੀ ਨੂੰ ਸਾਂਭ ਕੇ,
ਮੈਅਕਦੇ ਵਿਚ ਹੁੰਦੀ ਸਰਕਾਰ ਸ਼ਾਮ ਨੂੰ।

***

## ਭੇਜੀ ਹੈ ਮੈਂ

ਭੇਜੀ ਹੈ ਮੈਂ ਪਿਆਰ ਦੀ ਅਰਜ਼ੀ!
ਹੁਣ ਅੱਗੇ ਹੈ ਉਸਦੀ ਮਰਜ਼ੀ!

ਤੂੰ ਹੈਂ ਪੌਣ, ਗ਼ੁਬਾਰਾ ਹਾਂ ਮੈਂ,
ਲੈ ਚੱਲ ਮੈਨੂੰ ਜਿੱਥੇ ਮਰਜ਼ੀ!

ਜਿਸ ਤੋਂ ਰੂਹ ਦਾ ਸੂਟ ਸੁਆਵਾਂ?
ਲੱਭੇ ਨਾ ਉਹ ਕਾਬਿਲ ਦਰਜ਼ੀ!

ਅੱਜਕੱਲ੍ਹ ਦਿਲ ਨੂੰ ਲੁੱਟ ਲੈਂਦੇ ਨੇ,
ਲੋਕੀਂ ਪਿਆਰ ਜਤਾ ਕੇ ਫਰਜ਼ੀ!

ਮਾਲੀ ਨੂੰ ਹੁਣ ਕਿਹੜਾ ਪੁੱਛਦਾ?
ਕਰਨ ਬਹਾਰਾਂ ਅਪਣੀ ਮਰਜ਼ੀ!

ਤੈਨੂੰ ਬਹੁਤ ਸਤਾਇਆ ਹੈ ਮੈਂ,
ਕਰ ਲੈ ਐ ਦਿਲ! ਤੂੰ ਮਨ-ਮਰਜ਼ੀ!

ਜੀਵਨ ਹੈ ਇਕ ਗੀਤ ਸੁਰੀਲਾ,
ਤਰਜ਼ ਬਣਾ ਨਾ ਤੂੰ ਬੇ-ਤਰਜ਼ੀ!



ਤੇਰੇ ਸ਼ਹਿਰ ਦਿਆਂ ਲੋਕਾਂ ਦੇ,
ਬੁੱਲ੍ਹਾਂ 'ਤੇ ਮੁਸਕਾਨ ਹੈ ਫਰਜ਼ੀ!

ਅਪਣੀ ਬਹੁਤ ਚਲਾ ਚੁੱਕਿਆ ਹੈਂ,
ਹੁਣ ਨਾ ਚੱਲਣੀ ਤੇਰੀ ਮਰਜ਼ੀ!

ਦੁਨੀਆ ਦੇ ਵਿਚ ਕਈਆਂ ਦੇ ਹੀ,
ਨਾਮ ਵੀ ਫ਼ਰਜ਼ੀ, ਗੋਤ ਵੀ ਫ਼ਰਜ਼ੀ!

ਕਦ ਤੁਰਨੀ ਹੈ ਇੱਕੋ ਰਸਤੇ,
ਤੇਰੀ ਮਰਜ਼ੀ-ਮੇਰੀ ਮਰਜ਼ੀ!

ਨੇੜਿਓਂ ਤੇਰਾ ਰੂਪ ਨਿਹਾਰੇ,
ਖ਼ੁਸ਼-ਕਿਸਮਤ ਹੈ ਤੇਰਾ ਦਰਜ਼ੀ!

ਹਰ ਦੂਜੇ ਬੰਦੇ ਦਾ ਅੱਜਕੱਲ੍ਹ,
ਵਾਲ-ਵਾਲ ਹੈ ਕਰਜ਼ੋ-ਕਰਜ਼ੀ।

ਤੈਨੂੰ ਉੜਨ ਨਹੀਂ ਦਿੰਦੀ ਹੈ,
'ਇਕਵਿੰਦਰ' ਤੇਰੀ ਖ਼ੁਦਗ਼ਰਜ਼ੀ।

***

## ਦੇਖ ਕੇ ਜ਼ੁਲਫ਼ਾਂ

ਦੇਖ ਕੇ ਜ਼ੁਲਫ਼ਾਂ ਘਟਾਵਾਂ ਤੇਰੀਆਂ!
ਆ ਗਈਆਂ ਬੱਦਲ਼ਾਂ ਨੂੰ ਘੁੰਮਣ-ਘੇਰੀਆਂ!

ਹੋਰ ਕੰਮ ਦੁਨੀਆ ਨੂੰ ਹੁਣ ਕੋਈ ਨਹੀਂ,
ਤੇਰੀਆਂ ਗੱਲਾਂ ਜਾਂ ਗੱਲਾਂ ਮੇਰੀਆਂ!

ਫੇਰੀਆਂ ਨਜ਼ਰਾਂ ਤੂੰ ਮੈਥੋਂ ਦੋ ਘੜੀ,
ਜਾਪਦਾ ਦੁਨੀਆ ਨੇ ਨਜ਼ਰਾਂ ਫੇਰੀਆਂ!

ਹੱਥ ਸੰਭਲਕੇ ਤੂੰ ਪਾਈਂ ਬੇਲੀਆ!
ਹੁੰਦੀਆਂ ਕੰਡਿਆਲ਼ੀਆਂ ਨੇ ਬੇਰੀਆਂ!

ਤੂੰ ਜੋ ਖਾ ਲਈਆਂ ਨੇ ਬਿਰਹੋਂ-ਰਾਣੀਏਂ,
ਮੋੜ ਦੇ ਮੈਨੂੰ ਉਹ ਰਾਤਾਂ ਮੇਰੀਆਂ!

ਪਿਆਰ ਕੋਈ ਕਰਦਾ ਨਾ ਤੈਨੂੰ ਵਹਿਮ ਹੈ,
ਤੂੰ ਹੀ 'ਇਕਵਿੰਦਰ' ਨਿਗਾਹਾਂ ਫੇਰੀਆਂ!

***



## ਹਰ ਇਕ ਮੌਸਮ ਬਦਲਦਾ ਹੈ

ਹਰ ਇਕ ਮੌਸਮ ਬਦਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।
ਇਹ ਸਭ ਸੰਸਾਰ ਚਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

ਇਹ ਸੂਰਜ ਵੀ ਨਿਕਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ,
ਹਰ ਇਕ ਫੈਸ਼ਨ ਬਦਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

ਹਰ ਇਕ ਕਾਂਟਾ ਬਦਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।
ਕਿ ਕਾਰੋਬਾਰ ਚੱਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

ਘੜੀ ਭਰ ਸੇਕ ਲੱਗਣ 'ਤੇ ਕਦੇ ਪਾਰਾ ਪਿਘਲਦਾ ਸੀ,
ਕਿ ਹੁਣ ਪਾਰਾ ਪਿਘਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

ਝੁਕਾਵੇ ਸਿਰ ਇਦ੍ਹੇ ਅੱਗੇ ਹਰ ਇਕ ਰਾਜਾ-ਮਹਾਰਾਜਾ,
ਹਰ ਇਕ ਦਰਬਾਰ ਚਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

ਮੇਰੇ ਮਹਿਬੂਬ ਵਿਚ ਤਾਂ ਖ਼ੂਬੀਆਂ ਨੇ ਖ਼ੂਬ 'ਇਕਵਿੰਦਰ',
ਕਿ ਹਰ ਪਾਸਾ ਬਦਲਦਾ ਹੈ ਮੇਰੇ ਮਹਿਬੂਬ ਨੂੰ ਪੁੱਛ ਕੇ।

***

# ਜ਼ਿੰਦਗੀ ਵਿਚ ਧੁੱਪ

ਜ਼ਿੰਦਗੀ ਵਿਚ ਧੁੱਪ ਕਦੇ ਛਾਇਆ ਕਦੇ।
ਇਕ ਜਗ੍ਹਾ ਨਾ ਠਹਿਰਦੀ ਮਾਇਆ ਕਦੇ।

ਮੇਰੇ ਹੀ ਦਿਲ ਵਾਂਗਰਾ ਹੈ ਉਹ ਮਕਾਨ,
ਜਿਸ ਦੇ ਵਿਚ ਮਹਿਮਾਨ ਨਾ ਆਇਆ ਕਦੇ।

ਜ਼ਿੰਦਗੀ ਦੇ ਥਲ 'ਚ ਆ ਕੇ ਜਾਣਿਆਂ,
ਛਾਂ ਨਾ ਦਿੰਦਾ ਆਪਣਾ ਸਾਇਆ ਕਦੇ।

ਦਿਲ ਤਾਂ ਹੁੰਦਾ ਥਿਰਕਦੇ ਪਾਰੇ ਸਮਾਨ,
ਇਹ ਭਰੋਸੇ 'ਤੇ ਨਹੀਂ ਆਇਆ ਕਦੇ।

ਪੁੱਛਦਾ ਸੀ ਚੰਦ ਰਾਤੀਂ ਸ਼ਹਿਰ ਤੋਂ,
ਚਾਨਣਾ ਇਨਸਾਫ਼ ਦਾ ਆਇਆ ਕਦੇ?

ਢੂੰਡਿਆ ਸੌ ਵਾਰ 'ਇਕਵਿੰਦਰ' ਤੋਂ ਬਾਅਦ,
ਉਸ ਤਰ੍ਹਾਂ ਦਾ ਨੂਰ ਨਾ ਛਾਇਆ ਕਦੇ।

***



# ਲਬਾਂ 'ਤੇ ਮੁਸਕਰਾਹਟ ਹੈ

ਲਬਾਂ 'ਤੇ ਮੁਸਕਰਾਹਟ ਹੈ ਦਿਲਾਂ ਵਿਚ ਦੂਰੀਆਂ ਬਣੀਆਂ।
ਅਜੋਕੇ ਦੌਰ ਵਿਚ ਯਾਰੋ! ਇਹ ਕੀ ਮਜਬੂਰੀਆਂ ਬਣੀਆਂ?

ਕਿਲ੍ਹੇ-ਬੰਦੀ ਜਿਹੀ ਘਰ-ਘਰ, ਕਿਸੇ ਨੂੰ ਕੀ ਮਿਲੇ ਕੋਈ,
ਕਿਵੇਂ ਦਸਤਕ ਦੀ ਹੀ ਦੂਰੀ 'ਚ ਵੀ ਮਜਬੂਰੀਆਂ ਬਣੀਆਂ।

ਜੋ ਦਿਲ ਦੇ ਕੋਲ ਰਹਿੰਦੇ ਸੀ ਤੇ ਢੁਕ-ਢੁਕ ਕੋਲ ਬਹਿੰਦੇ ਸੀ,
ਉਨ੍ਹਾਂ ਦੇ ਦਿਲ 'ਚ ਸਾਡੇ ਵਾਸਤੇ ਕਿਉਂ ਦੂਰੀਆਂ ਬਣੀਆਂ।

ਉਨ੍ਹਾਂ ਕਾਵਾਂ ਤੋਂ 'ਇਕਵਿੰਦਰ' ਸੁਨੇਹੇ ਲੋੜੀਏ ਹੀ ਕਿਉਂ?
ਜਿਨ੍ਹਾਂ ਖ਼ਾਤਰ ਕਦੇ ਸਾਡੇ ਘਰੀਂ ਨਾ ਚੂਰੀਆਂ ਬਣੀਆਂ।

ਤਮੰਨਾ ਸੀ ਛਿਪੇ ਤੁਰ ਜਾਣ ਦੀ ਜਿਹਨਾਂ ਦੀ 'ਇਕਵਿੰਦਰ',
ਤਮੰਨਾ ਦੇ ਉਲਟ ਉਹਨਾਂ ਦੀਆਂ ਮਸ਼ਹੂਰੀਆਂ ਬਣੀਆਂ।

ਜਿਨ੍ਹਾਂ ਅਣਜਾਣੀਆਂ ਸੜਕਾਂ 'ਤੇ 'ਇਕਵਿੰਦਰ' ਕਦੇ ਤੁਰਿਆ,
ਉਨ੍ਹਾਂ ਸੜਕਾਂ ਦੀਆਂ ਹੀ ਬਾਅਦ ਵਿਚ ਮਸ਼ਹੂਰੀਆਂ ਬਣੀਆਂ।

***

# ਇਸ਼ਕ ਦਾ ਰੋਗ

ਇਸ਼ਕ ਦਾ ਰੋਗ ਅਵੱਲਾ ਮੀਆਂ!
ਇਹ ਕਰ ਦਿੰਦਾ ਝੱਲਾ ਮੀਆਂ!

ਤੁਰਿਆ ਚੱਲ ਇਕੱਲਾ ਮੀਆਂ!
ਤੇਰਾ ਬੇਲੀ ਅੱਲ੍ਹਾ ਮੀਆਂ!

ਤੇਰਾ ਉਸ ਦਾ ਮੇਲ ਨਹੀਂ ਹੈ,
ਉਹ ਮੁੰਦਰੀ ਤੂੰ ਛੱਲਾ ਮੀਆਂ!

ਇਹ ਜੀਵਨ ਹੈ ਕ੍ਰਿਕਟ ਦੇ ਵਾਂਗਰ,
ਫੜਨਾ ਸਿੱਖ ਲੈ ਬੱਲਾ ਮੀਆਂ!

ਔਖੇ ਦਿਨ ਵੀ ਮੁੱਕਣਗੇ ਹੀ,
ਤੂੰ ਨਾ ਅੱਡੀਂ ਪੱਲਾ ਮੀਆਂ!

ਕੀ ਹੋਇਆ ਜੇ ਸੁਪਨੇ ਟੁੱਟੇ,
ਕਿਉਂ ਕਰਦੈਂ ਹੋ-ਹੱਲਾ ਮੀਆਂ!

ਉਸ ਦੀ ਬਖ਼ਸ਼ਿਸ਼ ਹੈ ਅਣ-ਤੋਲੀ,
ਤੇਰਾ ਛੋਟਾ ਪੱਲਾ ਮੀਆਂ!

ਫੜ ਕੇ ਰੱਖੀਂ ਤੂੰ 'ਇਕਵਿੰਦਰ',
ਸੱਚਾਈ ਦਾ ਪੱਲਾ ਮੀਆਂ!

***



# ਧਰਤੀ ਹੈ ਤਿਰਹਾਈ

ਧਰਤੀ ਹੈ ਤਿਰਹਾਈ ਪੂਰੀ।
ਬੱਦਲ਼ਾਂ ਨੇ ਤਰਸਾਈ ਪੂਰੀ।

ਮੈਥੋਂ ਪੂਰੀ ਪੁੱਛੀ ਉਹਨਾਂ,
ਅਪਣੀ ਗੱਲ ਛੁਪਾਈ ਪੂਰੀ।

ਸੱਜਣਾ! ਫੇਰ ਮਨਾਵਾਂਗਾ ਮੈਂ,
ਕਰ ਲੈ ਤੂੰ ਰੁਸਵਾਈ ਪੂਰੀ।

ਮੈਂ ਤਾਂ ਗੱਲ ਘਟਾਉਣੀ ਚਾਹੀ,
ਉਹਨਾਂ ਗੱਲ ਵਧਾਈ ਪੂਰੀ।

ਜੇਕਰ ਕੰਡਾ ਵੀ ਚੁੱਭੇ ਤਾਂ,
ਪਾਉਂਦੇ ਲੋਕ ਦੁਹਾਈ ਪੂਰੀ।

ਸਾਥ ਜਦੋਂ ਵੀ ਛੱਡੇ ਸਾਇਆ,
ਹੋ ਜਾਂਦੀ ਤਨਹਾਈ ਪੂਰੀ।

ਪਕੜੇ ਜਾਂਦੇ ਫਿਰ ਵੀ ਲੋਕੀਂ,
ਕਰਦੇ ਨੇ ਚਤੁਰਾਈ ਪੂਰੀ।

'ਇਕਵਿੰਦਰ' ਇਹ ਦੁਨੀਆ ਜਾਣੇ,
ਜਿਹੜੀ ਹੈ ਤੂੰ ਪਾਈ ਪੂਰੀ।

***

# ਅੱਜ ਬਹੁਤ ਸ਼ਿੰਗਾਰ

ਅੱਜ ਬਹੁਤ ਸ਼ਿੰਗਾਰ ਹੈ ਕੀਤਾ ਫੁੱਲਾਂ ਨੇ!
ਕੀ ਉਸਦਾ ਦੀਦਾਰ ਹੈ ਕੀਤਾ ਫੁੱਲਾਂ ਨੇ?

ਉਸ ਤੋਂ ਜ਼ਿਆਦਾ ਕੰਡਿਆਂ ਨੇ ਕਰ ਦਿੱਤਾ ਹੈ,
ਜਿੰਨਾ ਕਾਰੋਬਾਰ ਹੈ ਕੀਤਾ ਫੁੱਲਾਂ ਨੇ!

ਮੇਰੀ ਵੱਲ ਤਾਂ ਅੱਖੀਆਂ ਚੁੱਕ ਕੇ ਤੱਕਿਆ ਨਾ,
ਤੈਨੂੰ ਕਿੰਨਾ ਪਿਆਰ ਹੈ ਕੀਤਾ ਫੁੱਲਾਂ ਨੇ!

ਖ਼ੁਸ਼ੀਆਂ ਤੇ ਗ਼ਮ ਅੱਧਾ-ਅੱਧਾ ਵੰਡਣਾ ਹੈ,
ਕੰਡਿਆਂ ਨਾਲ ਕਰਾਰ ਹੈ ਕੀਤਾ ਫੁੱਲਾਂ ਨੇ!

ਮੇਰੇ ਦਿਲ ਦੀ ਬੰਜਰ ਧਰਤੀ 'ਤੇ ਖਿੜਕੇ,
ਬਹੁਤ ਬੜਾ ਉਪਕਾਰ ਹੈ ਕੀਤਾ ਫੁੱਲਾਂ ਨੇ!

ਜਦ ਤੱਕ ਤੈਨੂੰ ਦੇਖ ਨਾ ਲੈਣ ਇਹ 'ਇਕਵਿੰਦਰ',
ਖਿੜਨੇ ਤੋਂ ਇਨਕਾਰ ਹੈ ਕੀਤਾ ਫੁੱਲਾਂ ਨੇ!

***



# ਸੋਹਣੇ ਫੁੱਲਾਂ ਦਾ

ਸੋਹਣੇ ਫੁੱਲਾਂ ਦਾ ਗਿਆ ਹੈ ਕਿੱਥੇ ਰੰਗ ਉੱਡ ਕੇ?
ਕਿੱਥੇ ਡਿੱਗੀ ਹੈ ਬਹਾਰ ਦੀ ਪਤੰਗ ਉੱਡ ਕੇ?

ਡੁੱਬੇ ਵਾਸਨਾ 'ਚ ਬੋਲ, ਨੰਗੇ ਹੋ ਗਏ ਕਲੋਲ,
ਕਿੱਥੇ ਮੋਈ ਹੈ ਮਨੁੱਖਤਾ ਦੀ ਸੰਗ ਉੱਡ ਕੇ?

ਦਿਲ, ਜਾਨੀਆ ਨਾ ਤੋੜ, ਇਹਨੂੰ ਲੱਗਦੇ ਨਾ ਜੋੜ,
ਹੱਥ ਆਉਣ ਨਾ ਮੁਹੱਬਤਾਂ ਦੇ ਢੰਗ ਉੱਡ ਕੇ।

ਉਹਦੇ ਦੇਸ਼ 'ਚੋਂ ਜੋ ਆਈ ਭਿੰਨੀ-ਭਿੰਨੀ ਪੁਰਵਾਈ,
ਕਿੰਨੇ ਚਹਿਕਦੇ ਪਰਿੰਦੇ ਉਹਦੇ ਸੰਗ ਉੱਡ ਕੇ।

ਇਹ ਹੈ ਜ਼ਿੰਦਗੀ ਉਦਾਸ ਏਦਾਂ ਆਜਾ ਮੇਰੇ ਪਾਸ,
ਜਿੱਦਾਂ ਚਿੱਠੀ ਕੋਈ ਪਹੁੰਚਦੀ ਬਿਰੰਗ ਉੱਡ ਕੇ।

ਤੇਰੇ ਸਾਹਮਣੇ ਐ ਰੱਬ! ਬਣੇ ਏਦਾਂ ਦਾ ਸਬੱਬ,
ਪੰਜਾਂ ਪਾਣੀਆਂ ਤੋਂ ਦੂਰ ਜਾਵੇ ਜੰਗ ਉੱਡ ਕੇ।

***

# ਹੁੰਦੀ ਰਹਿੰਦੀ ਸੁਬਹ-ਸ਼ਾਮ

ਹੁੰਦੀ ਰਹਿੰਦੀ ਸੁਬਹ-ਸ਼ਾਮ ਬਹੁਤਾ ਸੋਚਿਆ ਨਾ ਕਰ।
ਐਵੇਂ ਹੋ ਨਾ ਉਪਰਾਮ ਬਹੁਤਾ ਸੋਚਿਆ ਨਾ ਕਰ।

ਕਿਸੇ ਰੰਗ ਨਾਲ ਭੁੱਲ ਕੇ ਨਾ ਪਿਆਰ ਪਾਈਂ ਤੂੰ,
ਸਾਰੇ ਰੰਗ ਬਦਨਾਮ ਬਹੁਤਾ ਸੋਚਿਆ ਨਾ ਕਰ।

ਜਿਹਦੀ ਯਾਦ ਤੈਨੂੰ ਉਮਰਾਂ ਦਾ ਰੋਗ ਲਾ ਗਈ,
ਉਹਦਾ ਭੁੱਲ ਜਾ ਤੂੰ ਨਾਮ ਬਹੁਤਾ ਸੋਚਿਆ ਨਾ ਕਰ।

ਇਹ ਹੈ ਸ਼ੁਹਰਤਾਂ ਦਾ ਯੁੱਗ ਤੂੰ ਵੀ ਨਾਲ ਇਹਦੇ ਪੁੱਗ,
ਐਵੇਂ ਰਹਿ ਨਾ ਗੁੰਮਨਾਮ ਬਹੁਤਾ ਸੋਚਿਆ ਨਾ ਕਰ।

ਕਾਲੇ ਸਮਿਆਂ ਦੇ ਵੇਲਿਆਂ ਨੂੰ ਯਾਦ ਕਰਕੇ,
ਦਿਨੇ ਹੋਣ ਨਾ ਦੇ ਸ਼ਾਮ ਬਹੁਤਾ ਸੋਚਿਆ ਨਾ ਕਰ।

ਕਦੇ ਧੁੱਪ ਕਦੇ ਛਾਂ, ਇਹ ਹੈ ਜ਼ਿੰਦਗੀ ਦਾ ਨਾਂ,
ਹੋਵੇ ਜ਼ਿੰਦਗੀ 'ਚ ਆਮ ਬਹੁਤਾ ਸੋਚਿਆ ਨਾ ਕਰ।

ਜਿਵੇਂ ਵੀ ਹੈ ਤੇਰੀ ਲੰਘਦੀ ਤੂੰ ਹੱਸ ਕੇ ਗੁਜ਼ਾਰ,
ਥੋੜ੍ਹੀ ਦੇਰ ਦੀ ਇਹ ਸ਼ਾਮ ਬਹੁਤਾ ਸੋਚਿਆ ਨਾ ਕਰ।

***



# ਰੂਹ ਵਾਲਾ ਭੇਤ

ਰੂਹ ਵਾਲਾ ਭੇਤ ਨਾ ਸੁਣਾਓ! ਕਿਸੇ ਹੋਰ ਨੂੰ।
ਸੱਜਣਾਂ ਦੀ ਚਿੱਠੀ ਨਾ ਪੜ੍ਹਾਓ! ਕਿਸੇ ਹੋਰ ਨੂੰ।

ਘੋੜੇ ਉੱਤੇ ਅੱਗੇ ਨਾ ਬਿਠਾਓ! ਕਿਸੇ ਹੋਰ ਨੂੰ!
ਭੁੱਲ ਕੇ ਵੀ ਵਾਗ ਨਾ ਫੜਾਓ! ਕਿਸੇ ਹੋਰ ਨੂੰ!

ਬੱਦਲੋ! ਇਹ ਗੱਜਣਾ ਸੁਣਾਓ ਕਿਸੇ ਹੋਰ ਨੂੰ।
ਅਸੀਂ ਤਾਂ ਹਾਂ ਜਾਗਦੇ ਜਗਾਓ! ਕਿਸੇ ਹੋਰ ਨੂੰ।

ਇਨ੍ਹਾਂ ਤਾਂ ਮਲਾਹਾਂ ਸਾਨੂੰ ਡੋਬਣਾ ਹੀ ਡੋਬਣਾ,
ਚੱਪੂ ਖੋਹ ਕੇ ਇਨ੍ਹਾਂ ਤੋਂ ਫੜਾਓ! ਕਿਸੇ ਹੋਰ ਨੂੰ।

ਜਿਹੜੇ-ਜਿਹੜੇ ਰੋਂਦੇ ਨੇ ਮੈਂ ਉਨ੍ਹਾਂ ਨੂੰ ਹਸਾਉਂਦਾ ਹਾਂ,
ਜਿਹੜੇ-ਜਿਹੜੇ ਹੱਸਦੇ ਹਸਾਓ! ਕਿਸੇ ਹੋਰ ਨੂੰ।

ਰਾਹ ਜਿਵੇਂ ਦੱਸਦੀਆਂ ਚੌਕ ਦੀਆਂ ਬੱਤੀਆਂ,
ਰਾਹ ਏਦਾਂ ਦੋਸਤੋ! ਦਿਖਾਓ! ਕਿਸੇ ਹੋਰ ਨੂੰ।

***

# ਖੁੱਲ੍ਹ ਸਕਦੀ ਤਕਦੀਰ

ਖੁੱਲ੍ਹ ਸਕਦੀ ਤਕਦੀਰ ਕਿਸੇ ਵੇਲੇ-ਕਿਸੇ ਵੇਲੇ।
ਬਣ ਸਕਦੀ ਤਸਵੀਰ ਕਿਸੇ ਵੇਲੇ-ਕਿਸੇ ਵੇਲੇ।

ਉੱਠ ਸਕਦੀ ਸ਼ਮਸ਼ੀਰ ਕਿਸੇ ਵੇਲੇ-ਕਿਸੇ ਵੇਲੇ।
ਚੱਲ ਸਕਦੇ ਨੇ ਤੀਰ ਕਿਸੇ ਵੇਲੇ-ਕਿਸੇ ਵੇਲੇ।

ਪ੍ਰੇਮ-ਨਗਰ ਵਿਚ ਫੇਰਾ-ਤੋਰਾ ਨਾ ਛੱਡਣਾ,
ਖੁੱਲ੍ਹ ਸਕਦੀ ਤਕਦੀਰ ਕਿਸੇ ਵੇਲੇ-ਕਿਸੇ ਵੇਲੇ।

ਉਹ ਸਾਹਾਂ ਦੀ ਚੱਲਦੀ ਹੋਈ ਗੱਡੀ ਦੀ,
ਖਿੱਚ ਸਕਦੈ ਜ਼ੰਜੀਰ ਕਿਸੇ ਵੇਲੇ-ਕਿਸੇ ਵੇਲੇ।

ਇਸ਼ਕ ਅਜਬ ਜੋ ਨਾਚ ਨਚਾਉਂਦਾ ਫਿਰਦਾ ਹੈ,
ਕਰ ਸਕਦਾ ਦਿਲਗੀਰ ਕਿਸੇ ਵੇਲੇ-ਕਿਸੇ ਵੇਲੇ।

ਉਸਦੀਆਂ ਸ਼ੋਖ਼ ਅਦਾਵਾਂ ਉੱਤੇ 'ਇਕਵਿੰਦਰ',
ਕਰ ਸਕਦਾ ਤਕਰੀਰ ਕਿਸੇ ਵੇਲੇ-ਕਿਸੇ ਵੇਲੇ।

***



# ਕਦੇ ਮੰਦਿਰ 'ਤੇ

ਕਦੇ ਮੰਦਿਰ 'ਤੇ ਬਹਿੰਦੇ ਨੇ ਕਦੇ ਮਸਜਿਦ 'ਤੇ ਬਹਿੰਦੇ ਨੇ।
ਪਰਿੰਦੇ ਫਿਰਕਿਆਂ ਦੀ ਕੈਦ ਤੋਂ ਆਜ਼ਾਦ ਰਹਿੰਦੇ ਨੇ।

ਬੜਾ ਹੀ ਦੁੱਖ ਸਹਿੰਦੇ ਨੇ ਬੜਾ ਹੀ ਦਰਦ ਸਹਿੰਦੇ ਨੇ।
ਜੋ ਬੱਚਿਆਂ ਤੋਂ ਬਿਨਾਂ ਸੁੰਨਿਆਂ ਘਰਾਂ ਵਿਚ ਲੋਕ ਰਹਿੰਦੇ ਨੇ।

ਇਹ ਗੱਲ ਹੁਣ ਮੈਂ ਨਹੀਂ ਕਹਿੰਦਾ ਸਿਆਣੇ ਲੋਕ ਕਹਿੰਦੇ ਨੇ।
ਜਿਨ੍ਹਾਂ ਦੀ ਨੀਂਹ ਹੈ ਕੱਚੀ ਉਹ ਘਰ ਢਹਿੰਦੇ ਹੀ ਢਹਿੰਦੇ ਨੇ।

ਦਿਲਾ! ਕਰ ਨਾ ਗਿਲਾ ਐਵੇਂ ਚਲਨ ਇਹ ਹੈ ਜ਼ਮਾਨੇ ਦਾ,
ਕਦੇ ਜੋ ਕੋਲ ਰਹਿੰਦੇ ਸੀ ਉਹੀ ਹੁਣ ਦੂਰ ਰਹਿੰਦੇ ਨੇ।

ਉਹ ਯਾਦਾਂ ਦੇ ਪਰਿੰਦੇ ਜੋ ਭਟਕ ਜਾਂਦੇ ਨੇ ਰਾਹਾਂ ਵਿਚ,
ਬੜਾ ਹੀ ਦੁੱਖ ਸਹਿੰਦੇ ਨੇ ਬੜਾ ਹੀ ਦਰਦ ਸਹਿੰਦੇ ਨੇ।

ਤੁਹਾਨੂੰ ਛੇਤੀਂ-ਛੇਤੀਂ ਮੁੜਨ ਦੀ ਆਦਤ ਹੈ 'ਇਕਵਿੰਦਰ',
ਅਜੇ ਜਾਓ ਨਾ ਮਹਿਫ਼ਿਲ 'ਚੋਂ ਮੇਰੇ ਅਰਮਾਨ ਰਹਿੰਦੇ ਨੇ।

***

# ਪਾ ਦੇ ਨੂਰ

ਪਾ ਦੇ ਨੂਰ ਗਿਲਾਸਾਂ ਦੇ ਵਿਚ।
ਪਾ ਦੇ ਠੰਡ ਸੁਆਸਾਂ ਦੇ ਵਿਚ।

ਮੇਰੇ ਵਰਗੇ ਸਿਰ-ਫਿਰਿਆਂ ਨੇ,
ਉਮਰ ਗੁਆਈ ਆਸਾਂ ਦੇ ਵਿਚ।

ਇੱਕ ਜਮਾਤ 'ਚ ਪੜ੍ਹਨੇ ਵਾਲੇ,
ਵੰਡੇ ਜਾਣ 'ਕਲਾਸਾਂ' ਦੇ ਵਿਚ।

ਤੇਰੇ ਮੈਖ਼ਾਨੇ ਵਿਚ ਸਾਕੀ!
ਕਿੰਨਾ ਫ਼ਰਕ ਗਿਲਾਸਾਂ ਦੇ ਵਿਚ।

ਤੇਰੇ ਨਾਂ ਨੂੰ ਸ਼ਾਮਿਲ ਕੀਤਾ,
ਦੁਨੀਆ ਨੇ ਅਰਦਾਸਾਂ ਦੇ ਵਿਚ।

ਰਹਿਣੇ ਵਾਲੇ ਲੋਕੀਂ ਰਹਿੰਦੇ,
ਖ਼ੁਸ਼-ਖ਼ੁਸ਼ ਨਾਗ-ਨਿਵਾਸਾਂ ਦੇ ਵਿਚ।

ਮੇਰੇ ਵਰਗੇ ਸੌ 'ਇਕਵਿੰਦਰ',
ਨਾ ਫੇਲਾਂ ਨਾ ਪਾਸਾਂ ਦੇ ਵਿਚ।

***



# ਤੂੰ ਫ਼ੀਤੇ ਨਾਲ ਨਾ

ਤੂੰ ਫ਼ੀਤੇ ਨਾਲ ਨਾ ਇਹ ਨਾਪ ਗ਼ਜ਼ਲਾਂ।
ਉਚਾਈ ਦੱਸਦੀਆਂ ਨੇ ਆਪ ਗ਼ਜ਼ਲਾਂ!

ਅਸਾਨੂੰ ਦੱਸਦੀਆਂ ਨੇ ਪਾਪ ਗ਼ਜ਼ਲਾਂ!
ਮੁਹੱਬਤ ਕਰਦੀਆਂ ਖ਼ੁਦ ਆਪ ਗ਼ਜ਼ਲਾਂ!

ਅਜੇ ਵੀ ਬੁਰਕਿਆਂ ਵਿਚ ਕੈਦ ਹਨ ਜੋ,
ਬੜਾ ਹੀ ਝੱਲਦੀਆਂ ਸੰਤਾਪ ਗ਼ਜ਼ਲਾਂ!

ਇਨ੍ਹਾਂ ਨੂੰ ਦਿਲ ਦੀ ਬੈਠਕ ਵਿਚ ਬਿਠਾ ਲੈ,
ਤੇਰੇ ਦਰ 'ਤੇ ਜੋ ਆਈਆਂ ਆਪ ਗ਼ਜ਼ਲਾਂ!

ਵਜਰ ਆਸਣ 'ਚ ਅੱਖੀਆਂ ਮੂੰਦ ਕੇ ਇਹ,
ਰੁਬਾਈਆਂ ਸੁਣਦੀਆਂ ਨੇ ਆਪ ਗ਼ਜ਼ਲਾਂ!

ਇਨ੍ਹਾਂ ਦੀ ਰੂਹ ਵਿਚ ਸੰਜੀਦਗੀ ਹੈ,
ਇਹ ਜੋ ਨੇ ਰਹਿੰਦੀਆਂ ਚੁੱਪ-ਚਾਪ ਗ਼ਜ਼ਲਾਂ!

ਕਿਸੇ ਉਸਤਾਦ ਤੋਂ ਇਸਲਾਹ ਲੈ ਲੈ,
ਤੂੰ 'ਇਕਵਿੰਦਰ' ਨਾ ਐਵੇਂ ਛਾਪ ਗ਼ਜ਼ਲਾਂ!

***

# ਅੱਖੀਆਂ ਵਿਚ ਨਾ ਨੀਂਦਰ

ਅੱਖੀਆਂ ਵਿਚ ਨਾ ਨੀਂਦਰ ਹੁੰਦੀ ਜੇ ਆਪਾਂ ਸੁਸਤਾਏ ਹੁੰਦੇ।
ਰਸਤੇ ਵਿਚ ਨਾ ਖਾਂਦੇ ਧੋਖਾ ਜੇ ਬਾਜ਼ੂ ਅਜ਼ਮਾਏ ਹੁੰਦੇ।

ਬਾਕੀ ਲੋਕੀਂ ਦਿਨ ਕੱਟਦੇ ਨੇ ਇਸ ਛੱਤ ਹੇਠਾਂ ਉਸ ਛੱਤ ਹੇਠਾਂ,
ਉਹੀਓ ਦੇਣ ਕਿਰਾਇਆ ਦਿਲ ਦਾ ਜਿਹਨਾਂ ਕੋਲ ਕਿਰਾਏ ਹੁੰਦੇ।

ਦਿਸ-ਹੱਦੇ 'ਤੇ ਜਦ ਉਹ ਪਹੁੰਚੇ ਅਪਣੇ ਦਿਲ ਨੂੰ ਸੋਝੀ ਆਈ,
ਰੁੱਸੇ ਹੋਏ ਸੱਜਣ ਬਾਹੋਂ ਫੜ ਕੇ ਕੋਲ ਬਿਠਾਏ ਹੁੰਦੇ।

ਬਸਤੀ ਵਿਚ ਫਿਰ ਇਹਨਾਂ ਕਾਹਤੋਂ ਆਲ੍ਹਣਿਆਂ ਨੂੰ ਥਾਂ ਲੱਭਣੀ ਸੀ?
ਜੇ ਇਹ ਪੰਛੀ ਜੰਗਲ ਕੋਲ਼ੋਂ ਏਨੇ ਨਾ ਉਕਤਾਏ ਹੁੰਦੇ।

ਜੋਤਸ਼ੀਆਂ ਤੋਂ ਕੀ ਪੁੱਛਦਾ ਏਂ ਵਿਦਿਆਲੇ ਵੀ ਇਹ ਨਾ ਦੱਸਣ,
ਮੁਸ਼ਕਿਲ ਵੇਲੇ ਕਿਉਂ 'ਇਕਵਿੰਦਰ' ਅਪਣੇ ਲੋਕ ਪਰਾਏ ਹੁੰਦੇ।

'ਇਕਵਿੰਦਰ' ਤੂੰ ਸ਼ਿਕਵਾ ਨਾ ਕਰ ਜੇ ਦੁਨੀਆ ਨੇ ਗ਼ਮ ਦਿੱਤਾ ਹੈ,
ਛਾਂਗੇ ਹੋਏ ਰੁੱਖ ਹੀ ਅਕਸਰ ਫੁੱਟਦੇ ਦੂਣ-ਸਵਾਏ ਹੁੰਦੇ।

***



# ਦਿਲ ਦਾ ਸੌਦਾ

ਦਿਲ ਦਾ ਸੌਦਾ ਉਧਾਰ ਕਰ ਬੈਠਾਂ।
ਖ਼ੁਦ ਨੂੰ ਮੈਂ ਬੇ-ਕਰਾਰ ਕਰ ਬੈਠਾਂ।

ਬਹੁਤ ਕੋਸ਼ਿਸ਼ ਛੁਪਾਉਣ ਦੀ ਕੀਤੀ,
ਜ਼ਿੰਦਗੀ ਇਸ਼ਤਿਹਾਰ ਕਰ ਬੈਠਾਂ।

ਦੋਸ਼ ਮੇਰਾ ਹੀ ਹੈ ਜੋ ਹਰ ਪਾਸੇ,
ਐਨਾ ਗ਼ਰਦੋ-ਗ਼ੁਬਾਰ ਕਰ ਬੈਠਾਂ।

ਸ਼ੂਟ ਵੱਟ ਕੇ ਤੂੰ ਹੁਣ ਬਹਾਰ ਆ ਜਾ,
ਤੇਰੇ ਸਾਰੇ ਵਿਹਾਰ ਕਰ ਬੈਠਾਂ।

ਪਕੜ ਸਕਦਾ ਹਾਂ ਮੈਂ ਤਾਂ ਸੂਰਜ ਵੀ,
ਨਦੀ ਅੱਗ ਦੀ ਮੈਂ ਪਾਰ ਕਰ ਬੈਠਾਂ।

ਅਪਣੇ ਦਾਮਨ ਨੂੰ ਮੈਂ ਤਾਂ 'ਇਕਵਿੰਦਰ',
ਖ਼ੁਦ-ਬ-ਖ਼ੁਦ ਦਾਗ਼ਦਾਰ ਕਰ ਬੈਠਾਂ।

***

# ਤੂੰ ਵਗ ਐ ਪੁਰੇ ਦੀ

ਤੂੰ ਵਗ ਐ ਪੁਰੇ ਦੀ ਹਵਾ ਹੌਲ਼ੀ-ਹੌਲ਼ੀ!
ਤੂੰ ਮਾਸੂਮ ਕਲੀਆਂ ਜਗਾ ਹੌਲ਼ੀ-ਹੌਲ਼ੀ!

ਤੂੰ ਐ ਹੁਸਨ! ਖ਼ੁਦ ਨੂੰ ਸਜਾ ਹੌਲ਼ੀ-ਹੌਲ਼ੀ!
ਇਹ ਦਰਪਣ ਹੈ ਲੈਂਦਾ ਮਜ਼ਾ ਹੌਲ਼ੀ-ਹੌਲ਼ੀ!

ਭਰੇ ਇਸ਼ਕ ਦਾ ਮੈਅਕਦਾ ਹੌਲ਼ੀ-ਹੌਲ਼ੀ!
ਤੁਰੇ ਹੁਸਨ ਦਾ ਕਾਫ਼ਲਾ ਹੌਲ਼ੀ-ਹੌਲ਼ੀ!

ਮੁਹੱਬਤ ਦਾ ਚੜ੍ਹਦਾ ਨਸ਼ਾ ਹੌਲ਼ੀ-ਹੌਲ਼ੀ!
ਅਸਰ ਹੈ ਇਹ ਕਰਦੀ ਦਵਾ ਹੌਲ਼ੀ-ਹੌਲ਼ੀ!

ਮੁਹੱਬਤ ਦਾ ਭਰਦਾ ਘੜਾ ਹੌਲ਼ੀ-ਹੌਲ਼ੀ!
ਮੁਹੱਬਤ ਹੈ ਸਿੱਖਦੀ ਵਫ਼ਾ ਹੌਲ਼ੀ-ਹੌਲ਼ੀ!



ਇਹ ਤਨ ਭਿੱਜ ਜਾਵੇ ਇਹ ਮਨ ਭਿੱਜ ਜਾਵੇ,
ਤੂੰ ਵਰ੍ਹ ਇਸ ਤਰ੍ਹਾਂ ਐ ਘਟਾ ਹੌਲ਼ੀ-ਹੌਲ਼ੀ!

ਇਹ ਕਲੀਆਂ ਜਨਮ ਤੋਂ ਹੀ ਸਿੱਖਦੀਆਂ ਨੇ,
ਹੈ ਫੁੱਲਾਂ ਨੂੰ ਆਉਂਦੀ ਵਫ਼ਾ ਹੌਲ਼ੀ-ਹੌਲ਼ੀ!

ਤੇਰੀ ਬੰਸਰੀ ਮੈਂ, ਤੇਰੀ ਬੰਸਰੀ ਹਾਂ,
ਤੂੰ ਬੁੱਲ੍ਹਾਂ 'ਤੇ ਮੈਨੂੰ ਸਜਾ ਹੌਲ਼ੀ-ਹੌਲ਼ੀ!

ਇਹ ਜ਼ੁਲਫ਼ਾਂ ਝਟਕਦੀ-ਮਟਕਦੀ ਸੀ ਰਾਤੀਂ,
ਜੋ ਹੁਣ ਵਗ ਰਹੀ ਏ ਹਵਾ ਹੌਲ਼ੀ-ਹੌਲ਼ੀ!

ਮੇਰੇ ਦਿਲ ਦੀ ਧੜਕਨ ਬਹੁਤ ਵਧ ਗਈ ਏ,
ਕਰੋ ਇਸ਼ਕ ਦਾ ਫ਼ੈਸਲਾ ਹੌਲ਼ੀ-ਹੌਲ਼ੀ!

***

# ਮੈਂ ਹਾਂ ਮੰਤਰ

ਮੈਂ ਹਾਂ ਮੰਤਰ ਉਚਾਰ ਲੈ ਮੈਨੂੰ।
ਰੂਹ ਦੇ ਅੰਦਰ ਉਤਾਰ ਲੈ ਮੈਨੂੰ।

ਅਪਣੇ ਮੂੰਹੋਂ ਪੁਕਾਰ ਲੈ ਮੈਨੂੰ।
ਵਕਤ ਵਾਂਗੂ ਗੁਜ਼ਾਰ ਲੈ ਮੈਨੂੰ।

ਮੈਂ ਸਮਝਦਾਂ ਹਾਂ ਤੇਰੀ ਮਜਬੂਰੀ,
ਨਾਂ ਬਦਲ ਕੇ ਪੁਕਾਰ ਲੈ ਕੇ ਮੈਨੂੰ।

ਮੈਂ ਬਹੁਤ ਹੀ ਉਲਝਿਆ ਹੋਇਆ ਹਾਂ,
ਵਾਂਗ ਜ਼ੁਲਫ਼ਾਂ ਸੁਆਰ ਲੈ ਮੈਨੂੰ।

ਮੈਂ ਮੁਹੱਬਤ ਦਾ ਮੂਲ-ਮੰਤਰ ਹਾਂ,
ਦਿਲ ਦੇ ਅੰਦਰ ਉਤਾਰ ਲੈ ਮੈਨੂੰ।

***



# ਯਾਦ ਖ਼ੁਸ਼ਬੂ ਹੈ

ਯਾਦ ਖ਼ੁਸ਼ਬੂ ਹੈ ਭਾਵੇਂ ਗੁਲਾਬ ਸੁੱਕੇ।
ਅੱਖਾਂ-ਅੱਖਾਂ 'ਚ ਕਿੰਨੇ ਖ਼ੁਆਬ ਸੁੱਕੇ।

ਔੜ ਲੱਗੀ ਤਾਂ ਸਾਰੇ ਤਲਾਬ ਸੁੱਕੇ।
ਸੁੱਕੇ ਏਦਾਂ ਕਿ ਲਾ-ਜਵਾਬ ਸੁੱਕੇ।

ਪੱਤੇ-ਪੱਤੇ 'ਤੇ ਅੱਖ ਹੈ ਉੱਗ ਆਈ,
ਪਰਤ ਜਾਓਗੇ ਕਿੱਦਾਂ ਜਨਾਬ ਸੁੱਕੇ?

ਸੁੱਕ ਜਾਣ ਸਮੁੰਦਰ ਲੱਖ ਵਾਰੀ,
ਮੇਰੇ ਰੱਬਾ! ਕਦੇ ਨਾ ਝਨਾਬ ਸੁੱਕੇ।

ਘਾਹ ਕੱਚਾ-ਕਚੂਰ ਹੈ ਬੇਲਿਆਂ ਦਾ,
ਹਾਏ! ਸਾਡੇ ਹੀ ਕਿਉਂ ਗੁਲਾਬ ਸੁੱਕੇ।

ਹੁੰਦਾ ਆਲਮ ਅਜੀਬ ਓਦੋਂ 'ਇਕਵਿੰਦਰ',
ਜੀਭ ਗਿੱਲੀ 'ਤੇ ਜਦੋਂ ਜਵਾਬ ਸੁੱਕੇ।

***

# ਸੜਕ ਕੰਢੇ ਫੁੱਲ

ਸੜਕ ਕੰਢੇ ਫੁੱਲ ਲਾਏ ਜਾਣਗੇ।
ਹਾਦਸੇ ਏਦਾਂ ਭੁਲਾਏ ਜਾਣਗੇ।

ਹੱਥ ਸਭਨਾਂ ਦੇ ਧੁਆਏ ਜਾਣਗੇ।
ਭੋਜ ਕੁਝ ਇਕ ਨੂੰ ਖੁਆਏ ਜਾਣਗੇ।

ਜੰਗ ਦੇ ਬੱਦਲ਼ ਉਡਾਏ ਜਾਣਗੇ।
ਹੌਂਸਲੇ ਮੁੜ ਆਜ਼ਮਾਏ ਜਾਣਗੇ।

ਸ਼ਬਦ ਜੋ ਆਖੋ ਲਿਖਾਏ ਜਾਣਗੇ।
ਅਰਥ ਮਰਜ਼ੀ ਦੇ ਕਢਾਏ ਜਾਣਗੇ।

ਚੁੱਪ ਦੀ ਧਾਰਾ ਲਗਾ ਕੇ ਜੀਭ 'ਤੇ,
ਅਮਨ ਦੇ ਪੰਛੀ ਉਡਾਏ ਜਾਣਗੇ।

ਹੁਕਮ ਹੈ ਇਤਿਹਾਸ ਨਾ ਲੰਬਾ ਕਰੋ,
ਹੋਰ ਨਾ ਵਰਕੇ ਵਧਾਏ ਜਾਣਗੇ।

ਜ਼ਿਹਨ 'ਚੋਂ ਨਿਕਲੋ ਨਾ 'ਇਕਵਿੰਦਰ' ਤੁਸੀਂ,
ਹਾਸ਼ੀਏ ਮੁੜ ਨਾ ਬਣਾਏ ਜਾਣਗੇ।

***